Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 250 19/02/2026 www.samajweekly.com samajweekly @samajweekly samajweekly

Explianer: AI Impact ਸ਼ੁਮਿਟ ਦੌਰਾਨ ਇੱਕ ਕੁੱਤੇ ਕਾਰਨ ਛਿੜਿਆ ਵਿਵਾਦ

ਨਵੀਂ ਦਿੱਲੀ । ਇੱਥੇ ਹੋ ਰਹੀ 'ਇੰਡੀਆ ਏ ਆਈ ਇਮਪੈਕਟ ਸਮਿਟ 2026' ਦੌਰਾਨ ਗਲਗੋਟੀਆਜ਼ ਯੂਨੀਵਰਸਿਟੀ ਇੱਕ ਵੱਡੇ ਅਤੇ ਗੰਭੀਰ ਵਿਵਾਦ ਦੇ ਘੇਰੇ ਵਿੱਚ ਆ ਗਈ ਹੈ, ਜਿਸ ਨੇ ਦੇਸ਼ ਦੇ ਤਕਨੀਕੀ ਅਤੇ ਰਾਜਨੀਤਕ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਹ ਪੂਰਾ ਮਾਮਲਾ ਇੱਕ ਚਾਰ ਪੈਰਾਂ ਵਾਲੇ ਰੋਬੋਟਿਕ ਕੁੱਤੇ ਕਾਰਨ ਸਾਹਮਣੇ ਆਇਆ ਹੈ, ਜਿਸ ਨੂੰ ਯੂਨੀਵਰਸਿਟੀ ਵੱਲੋਂ ਸੰਮੇਲਨ ਵਿੱਚ ਇੱਕ ਪ੍ਰਮੁੱਖ ਪ੍ਰਦਰਸ਼ਨੀ ਵਜੋਂ ਪੇਸ਼ ਕੀਤਾ ਗਿਆ ਸੀ। ਸ਼ੁਰੂ ਵਿੱਚ ਇਹ ਰੋਬੋਟ ਦਰਸ਼ਕਾਂ ਲਈ ਖਿੱਚ ਦਾ ਮੁੱਖ ਕੇਂਦਰ ਬਣਿਆ ਹੋਇਆ ਸੀ, ਪਰ ਜਲਦੀ ਹੀ ਇਹ ਦਾਅਵੇ ਸਾਹਮਣੇ ਆਏ ਕਿ ਇਹ ਕੋਈ ਭਾਰਤੀ ਕਾਢ ਨਹੀਂ, ਸਗੋਂ ਇੱਕ ਚੀਨੀ ਉਤਪਾਦ ਹੈ। ਇਸ ਖੁਲਾਸੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਯੂਨੀਵਰਸਿਟੀ ਵਿਰੁੱਧ ਤਿੱਖੀ ਪ੍ਰਤੀਕਿਰਿਆ ਹੋਈ ਅਤੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ, ਵਿਵਾਦ ਇੰਨਾ ਵਧ ਗਿਆ ਕਿ ਸਰਕਾਰੀ ਸੂਤਰਾਂ ਅਨੁਸਾਰ ਯੂਨੀਵਰਸਿਟੀ ਨੂੰ ਆਪਣਾ ਸਟਾਲ ਤੁਰੰਤ ਖਾਲੀ ਕਰਨ ਲਈ ਕਹਿ

ਦਿੱਤਾ ਗਿਆ। ਗਲਗੋਟੀਆਜ਼ ਯੂਨੀਵਰਸਿਟੀ ਨੇ ਰੋਬੋਟਿਕ ਕੁੱਤੇ ਨੂੰ 'ਓਰੀਅਨ' ਨਾਂਅ ਦੇ ਲੇਬਲ ਹੇਠ ਪ੍ਰਦਰਸ਼ਤ ਕੀਤਾ ਸੀ। ਭਾਰਤ ਮੰਡਪਮ ਵਿਖੇ ਹੋ ਰਹੇ ਇਸ ਸਮਾਗਮ ਵਿੱਚ ਇਹ ਰੋਬੋਟ ਆਪਣੀ ਚੁਸਤੀ ਅਤੇ ਹਰਕਤਾਂ ਕਾਰਨ ਸਭ ਦਾ ਧਿਆਨ ਖਿੱਚ ਰਿਹਾ ਸੀ; ਇਸ ਨੂੰ ਦਰਸ਼ਕਾਂ ਨਾਲ ਹੱਥ ਮਿਲਾਉਂਦੇ ਅਤੇ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਦੇ ਦੇਖਿਆ ਗਿਆ, ਜਿਸ ਦੀਆਂ ਵੀਡੀਓਜ਼ ਵੀ ਕਾਫੀ ਵਾਇਰਲ ਹੋਈਆਂ। ਹਾਲਾਂਕਿ, ਤਕਨੀਕੀ ਮਾਹਰਾਂ ਅਤੇ ਆਨਲਾਈਨ ਨਿਗਰਾਨਾਂ ਨੇ ਜਲਦੀ ਹੀ ਪਛਾਣ ਕਰ ਲਈ ਕਿ ਇਹ ਰੋਬੋਟ ਅਸਲ ਵਿੱਚ ਚੀਨੀ ਰੋਬੋਟਿਕਸ ਕੰਪਨੀ 'ਯੂਨੀਟਰੀ' ਵੱਲੋਂ ਬਣਾਇਆ ਗਿਆ ਜੀ02 ਮਾਡਲ ਹੈ। ਯੂਨੀਵਰਸਿਟੀ 'ਤੇ ਇਲਜ਼ਾਮ ਲੱਗੇ ਕਿ ਉਨ੍ਹਾਂ ਨੇ ਇੱਕ ਬਾਜ਼ਾਰ ਵਿੱਚ ਆਮ ਮਿਲਣ ਵਾਲੀ ਚੀਨੀ ਮਸ਼ੀਨ ਨੂੰ ਆਪਣੀ ਸਵਦੇਸ਼ੀ ਤਕਨੀਕੀ ਪ੍ਰਾਪਤੀ ਵਜੋਂ ਪੇਸ਼ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਮਸ਼ੀਨ ਦੀ ਮਲਕੀਅਤ ਅਤੇ ਇਸ ਨੂੰ ਬਣਾਉਣ ਦੇ ਦਾਅਵਿਆਂ ਨੇ ਹੀ ਸਾਰਾ ਵਿਵਾਦ ਖੜ੍ਹਾ ਕੀਤਾ ਹੈ। ਇਹ ਪੂਰੀ ਘਟਨਾ ਭਾਰਤ ਵਿੱਚ 'ਸਵਦੇਸ਼ੀ ਤਕਨੀਕ' ਅਤੇ 'ਮੇਕ ਇਨ ਇੰਡੀਆ' ਦੇ ਪ੍ਰਚਾਰ ਦਰਮਿਆਨ ਇੱਕ ਵੱਡੀ ਬਹਿਸ ਦਾ ਵਿਸ਼ਾ ਬਣ ਗਈ ਹੈ। ਉਧਰ ਗਲਗੋਟੀਆਜ਼ ਯੂਨੀਵਰਸਿਟੀ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਸ ਨੇ ਕਦੇ ਵੀ ਇਹ ਦਾਅਵਾ ਨਹੀਂ ਕੀਤਾ ਕਿ ਇਹ ਰੋਬੋਟ ਉਸ ਦੀ ਆਪਣੀ ਕਾਢ ਹੈ। ਉਸ ਨੇ ਸਪੱਸ਼ਟ ਕੀਤਾ ਕਿ ਉਸ ਨੇ ਇਸ ਨੂੰ ਇੱਕ ਚੀਨੀ ਮਸ਼ੀਨ ਵਜੋਂ ਹੀ ਪਛਾਣਿਆ ਸੀ ਅਤੇ ਕੋਈ ਗਲਤ ਬਿਆਨੀ ਨਹੀਂ ਕੀਤੀ ਗਈ। ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਇਸ ਮੁੱਦੇ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਯੂਨੀਵਰਸਿਟੀ 'ਤੇ ਤਿੱਖੇ ਹਮਲੇ ਕੀਤੇ ਹਨ। ਰਾਹੁਲ ਗਾਂਧੀ ਨੇ ਇਸ ਏ ਆਈ ਸੰਮੇਲਨ ਨੂੰ ਇੱਕ ਗੈਰ-ਸੰਗਠਤ ਪੀਆਰ ਤਮਾਸ਼ਾ ਕਰਾਰ ਦਿੰਦਿਆਂ ਕਿਹਾ ਕਿ ਭਾਰਤ ਦੀ ਪ੍ਰਤਿਭਾ ਅਤੇ ਡੇਟਾ ਦੀ ਵਰਤੋਂ ਕਰਨ ਦੀ ਬਜਾਏ, ਇੱਥੇ ਚੀਨੀ ਉਤਪਾਦਾਂ ਦੀ ਨੁਮਾਇਸ਼ ਲਗਾਈ ਜਾ ਰਹੀ ਹੈ। ਉਨ੍ਹਾ ਇਹ ਵੀ ਦੋਸ਼ ਲਾਇਆ ਕਿ ਭਾਰਤੀ ਡੇਟਾ ਨੂੰ ਵੇਚਣ ਲਈ ਰੱਖਿਆ ਗਿਆ ਹੈ। ਕਾਂਗਰਸ ਪਾਰਟੀ ਨੇ ਅਧਿਕਾਰਤ ਤੌਰ 'ਤੇ ਕਿਹਾ ਕਿ ਮੋਦੀ ਸਰਕਾਰ ਨੇ ਏ ਆਈ ਦੇ ਖੇਤਰ ਵਿੱਚ ਭਾਰਤ ਦਾ ਵਿਸ਼ਵ ਪੱਧਰ 'ਤੇ ਮਜ਼ਾਕ ਉਡਾਇਆ ਹੈ। ਉਸ ਅਨੁਸਾਰ, ਚੀਨੀ ਮੀਡੀਆ ਨੇ ਵੀ ਇਸ ਘਟਨਾ ਨੂੰ ਲੈ ਕੇ ਭਾਰਤ ਦਾ ਮਜ਼ਾਕ ਉਡਾਇਆ ਹੈ, ਜੋ ਬੇਹੱਦ ਸ਼ਰਮਨਾਕ ਹੈ। ਪਾਰਟੀ ਨੇ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ 'ਤੇ ਵੀ ਦੋਸ਼ ਲਾਇਆ ਕਿ ਉਹ ਚੀਨੀ ਰੋਬੋਟਾਂ ਨੂੰ ਭਾਰਤੀ ਦੱਸ ਕੇ ਝੂਠ ਨੂੰ ਉਤਸ਼ਾਹਤ ਕਰ ਰਹੇ ਹਨ, ਜਿਸ ਨਾਲ ਦੇਸ਼ ਦੇ ਅਕਸ ਨੂੰ ਅਜਿਹਾ ਨੁਕਸਾਨ ਪਹੁੰਚਿਆ ਹੈ, ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ।

(ਸੰਬੰਧਿਤ ਖਬਰ ਪੇਜ 3 ਤੇ)

ਨਿਊਯਾਰਕ ਦੇ ਚਰਚ ਵਿੱਚ ਜ਼ਬਰਦਸਤ ਧਮਾਕਾ, ਪਾਦਰੀ ਅਤੇ ਚਾਰ ਫਾਇਰਫਾਈਟਰ ਝੁਲਸੇ

ਧਮਾਕੇ ਨਾਲ ਹਵਾ ਵਿੱਚ ਕਾਲੇ ਧੁੰਏਂ ਦਾ ਸੰਘਣਾ ਗੁਬਾਰ ਫੈਲ ਗਿਆ

ਨਿਊਯਾਰਕ। ਅਮਰੀਕਾ ਦੇ ਨਿਊਯਾਰਕ ਵਿਚ ਇਕ ਵੱਡਾ ਹਾਦਸਾ ਵਾਪਰਿਆ ਹੈ। ਚਰਚ ਵਿੱਚ ਹੋਏ ਜ਼ੋਰਦਾਰ ਧਮਾਕੇ ਨਾਲ ਚਰਚ ਦੇ ਪਾਦਰੀ ਅਤੇ ਇੱਕ ਫਾਇਰ ਫਾਈਟਰ ਸਮੇਤ ਪੰਜ ਲੋਕ ਗੰਭੀਰ ਜ਼ਖ਼ਮੀ ਹੋ ਗਏ। ਗੈਸ ਦੀ ਬਦਬੂ ਆਉਣ ਦੀ ਰਿਪੋਰਟ ਮਿਲਣ ਤੋਂ ਬਾਅਦ ਫਾਇਰਫਾਈਟਰਜ਼ ਚਰਚ ਦੀ ਇਮਾਰਤ ਵਿੱਚ ਪਹੁੰਚੇ ਹੀ ਸਨ ਕਿ ਉਦੋਂ ਹੀ ਧਮਾਕਾ ਹੋ ਗਿਆ। ਜ਼ਖ਼ਮੀਆਂ ਵਿੱਚ ਇੱਕ ਪਾਦਰੀ ਅਤੇ ਚਾਰ ਫਾਇਰਫਾਈਟਰ ਸ਼ਾਮਲ ਸਨ। ਨਿਊਜ਼ ਏਜੰਸੀ ਦੇ ਅਨੁਸਾਰ, ਨਿਊਯਾਰਕ ਸਟੇਟ ਪੁਲਿਸ ਧਮਾਕੇ ਦੀ ਜਾਂਚ ਕਰ ਰਹੀ ਹੈ। ਇਹ ਧਮਾਕਾ ਸਵੇਰੇ 10:30 ਵਜੇ ਦੇ ਕਰੀਬ ਨਿਊਯਾਰਕ ਦੇ ਬੂਨਵਿਲ ਵਿੱਚ ਅਬੰਡੈਂਟ ਲਾਈਫ ਚਰਚ ਵਿੱਚ ਹੋਇਆ, ਧਮਾਕੇ ਨਾਲ ਹਵਾ ਵਿੱਚ ਕਾਲੇ ਧੁੰਏਂ ਦਾ ਸੰਘਣਾ ਗੁਬਾਰ ਫੈਲ ਗਿਆ। ਪੁਲਿਸ ਅਧਿਕਾਰੀਆਂ ਦੇ ਅਨੁਸਾਰ, ਇਹ ਧਮਾਕਾ ਪ੍ਰੋਪੇਨ

ਸਿਲੰਡਰਾਂ ਵਿਚੋਂ ਇਕ ਵਿਚ ਲੀਕ ਅਤੇ ਅੱਗ ਲੱਗਣ ਕਾਰਨ ਹੋਇਆ। ਪ੍ਰੋਪੇਨ ਸਿਲੰਡਰਾਂ ਦਾ ਮੁੱਖ ਉਦੇਸ਼ ਘਰਾਂ, ਦਫਤਰਾਂ ਅਤੇ ਉਦਯੋਗਾਂ ਨੂੰ ਸਾਫ਼, ਕੁਸ਼ਲ ਅਤੇ ਪੋਰਟੇਬਲ ਊਰਜਾ ਪ੍ਰਦਾਨ ਕਰਨਾ ਹੈ। ਇਹ ਇਕ ਉੱਚ ਊਰਜਾ ਕੁਸ਼ਲ ਬਾਲਣ ਹੈ ਜੋ ਖਾਣਾ ਪਕਾਉਣ, ਘਰਾਂ/ਪਾਣੀ ਨੂੰ ਗਰਮ ਕਰਨ, ਹੀਟਰ ਚਲਾਉਣ ਅਤੇ ਬੈਕਅੱਪ ਜਨਰੇਟਰਾਂ ਲਈ ਵਰਤਿਆ ਜਾਂਦਾ ਹੈ।

ਅਗਲੇ ਆਲਮੀ ਏ.ਆਈ. ਚੈਂਪੀਅਨ ਲਈ ਭਾਰਤ ਚੰਗੀ ਸਥਿਤੀ ਵਿਚ : ਪਿਚਾਈ

ਨਵੀਂ ਦਿੱਲੀ : ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਬੁਧਵਾਰ ਨੂੰ ਕਿਹਾ ਕਿ ਭਾਰਤ ਪਹਿਲਾਂ ਹੀ ਉਸ ਤਰ੍ਹਾਂ ਦੀ ਤਬਦੀਲੀ ਵੇਖ ਰਿਹਾ ਹੈ ਜੋ ਅੰਦਰੋਂ ਦੁਨੀਆਂ ਦੀ ਅਗਲੀ ਪ੍ਰਮੁੱਖ ਬਨਾਉਟੀ ਬੁੱਧੀ (ਏ.ਆਈ.) ਕੰਪਨੀ ਪੈਦਾ ਕਰ ਸਕਦਾ ਹੈ। ਪਿਚਾਈ ਨੇ ਭਾਰਤ ਵਿਚ ਉੱਚ ਡਿਵੈਲਪਰ ਊਰਜਾ ਅਤੇ ਪ੍ਰਫੁੱਲਤ ਉੱਦਮੀ ਵਾਤਾਵਰਣ ਪ੍ਰਣਾਲੀ ਦੀ ਸ਼ਲਾਘਾ ਕੀਤੀ। ਇਸ ਸਵਾਲ ਦੇ ਜਵਾਬ ਵਿਚ ਕਿ 'ਅਗਲੇ ਸੁੰਦਰ' ਨੂੰ ਭਾਰਤ ਵਿਚ ਰਹਿਣ ਅਤੇ ਇੱਥੋਂ ਇਕ ਵਿਸ਼ਵ ਦੀ ਮੋਹਰੀ ਕੰਪਨੀ ਬਣਾਉਣ ਲਈ ਕੀ ਬਦਲਣ ਦੀ ਜ਼ਰੂਰਤ ਹੈ, ਪਿਚਾਈ ਨੇ ਕਿਹਾ ਕਿ ਇਹ ਤਬਦੀਲੀ ਪਹਿਲਾਂ ਹੀ ਚੱਲ ਰਹੀ ਹੈ। ਉਨ੍ਹਾਂ ਨੇ ਫਲਿੱਪਕਾਰਟ ਅਤੇ ਓਯੋ ਵਰਗੇ ਘਰੇਲੂ ਸਟਾਰਟਅਪਾਂ ਦੇ ਉਭਾਰ ਵਲ ਇਸ਼ਾਰਾ ਕੀਤਾ ਕਿ 'ਭਾਰਤ ਅਸਧਾਰਨ ਕੰਪਨੀਆਂ ਪੈਦਾ ਕਰ ਰਿਹਾ ਹੈ'' ਜੋ

ਸਫਲਤਾਪੂਰਵਕ ਵੱਧ ਰਹੀਆਂ ਹਨ। ਪਿਚਾਈ ਨੇ ਕਿਹਾ, ''ਮੇਰਾ ਮਤਲਬ ਹੈ, ਇਹ ਪਹਿਲਾਂ ਹੀ ਬਦਲ ਗਿਆ ਹੈ। ਭਾਰਤ ਅਸਾਧਾਰਣ ਕੰਪਨੀਆਂ ਪੈਦਾ ਕਰ ਰਿਹਾ ਹੈ ਨਾ? ਜਦੋਂ ਤੁਸੀਂ ਫਲਿੱਪਕਾਰਟ, ਓਯੋ ਵਰਗੀਆਂ ਕੰਪਨੀਆਂ ਨੂੰ ਵੇਖਦੇ ਹੋ ਤਾਂ ਇਹ ਸਾਰੀਆਂ ਕੰਪਨੀਆਂ ਇੱਥੇ ਘਰੇਲੂ ਕੰਪਨੀਆਂ ਹਨ ਅਤੇ ਉਹ ਬਹੁਤ ਵਧੀਆ ਪ੍ਰਦਰਸ਼ਨ ਕਰ ਰਹੀਆਂ ਹਨ।'' ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਵਿਚ ਡਿਵੈਲਪਰ ਊਰਜਾ, ਖਾਸ ਤੌਰ ਉਤੇ ਬੰਗਲੁਰੂ ਵਰਗੇ ਸ਼ਹਿਰਾਂ 'ਚ, ਕਿਸੇ ਤੋਂ ਘੱਟ ਨਹੀਂ ਹੈ, ਅਤੇ ਉੱਦਮਤਾ ਈਕੋਸਿਸਟਮ ਨੂੰ 'ਪ੍ਰਫੁੱਲਤ' ਦਸਿਆ । ਪਿਚਾਈ ਨੇ ਏ.ਆਈ. ਵਿਚ ਹਾਲ ਹੀ ਵਿਚ ਹੋਈ ਤਰੱਕੀ ਉਤੇ ਵੀ ਚਾਨਣਾ ਪਾਇਆ, ਇਹ ਨੋਟ ਕਰਦੇ ਹੋਏ ਕਿ ਸਰਵਮ ਵਰਗੀਆਂ ਕੰਪਨੀਆਂ ਨੇ ਸਥਾਨਕ ਏ.ਆਈ. ਮਾਡਲਾਂ ਦਾ ਵਿਕਾਸ ਕਰਨਾ ਸ਼ੁਰੂ ਕਰ ਦਿਤਾ ਹੈ, ਇਹ ਸੰਕੇਤ ਦਿੰਦਾ ਹੈ ਕਿ ਉੱਨਤ ਨਵੀਨਤਾ ਘਰੇਲੂ ਤੌਰ ਉਤੇ ਜੜ੍ਹਾਂ ਫੜ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵਿਸ਼ਵ ਪੱਧਰ ਉਤੇ ਮੁਕਾਬਲੇਬਾਜ਼ ਏ.ਆਈ. ਫਰਮਾਂ ਬਣਾਉਣ ਵਿਚ ਭਾਰਤ ਦੀ ਕੋਈ ਰੁਕਾਵਟ ਨਹੀਂ ਦਿਸਦੀ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਚੰਗੀ ਸਥਿਤੀ ਵਿਚ ਹੈ।

ਤਰਤ ਤਾਰਨ ਜ਼ਿਲ੍ਹੇ ਦੇ ਪਿੰਡ ਠੱਠੀਆਂ ਮਹੰਤਾਂ ਦੇ ਸਰਪੰਚ ਦਾ ਗੋਲੀਆਂ ਮਾਰ ਕੇ ਕੀਤਾ ਕਤਲ

ਤਰਨ ਤਾਰਨ : ਤਰਨ ਤਾਰਨ ਜ਼ਿਲ੍ਹੇ ਅਧੀਨ ਆਉਂਦੇ ਪਿੰਡ ਠੱਠੀਆ ਮਹੰਤਾਂ ਦੇ ਮੌਜੂਦਾ ਸਰਪੰਚ ਹਰਬਰਿੰਦਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮੌਜੂਦਾ ਸਰਪੰਚ ਆਮ ਆਦਮੀ ਪਾਰਟੀ ਨਾਲ ਸਬੰਧਤ ਸਨ ਅਤੇ ਉਨ੍ਹਾਂ ਨੂੰ ਇਕ ਵਿਆਹ ਸਮਾਗਮ ਦੌਰਾਨ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰੀਆਂ ਗਈਆਂ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਿੱਧੂ ਫਾਰਮ ਸ਼ੇਰੋਂ 'ਚ ਵਿਆਹ ਸਮਾਗਮ ਦੌਰਾਨ ਮੌਜੂਦਾ ਸਰਪੰਚ ਹਰਬਰਿੰਦਰ ਸਿੰਘ ਨੂੰ ਗੋਲੀਆਂ ਮਾਰੀਆਂ ਗਈਆਂ । ਜਦੋਂ ਸਰਪੰਚ ਨੂੰ ਗੋਲੀਆਂ ਮਾਰੀਆਂ ਗਈਆਂ ਤਾਂ ਮੌਕੇ 'ਤੇ ਮੌਜੂਦ ਸਰਪੰਚ ਦਾ ਭਰਾ ਅਣਪਛਾਤੇ ਹਮਲਾਵਰਾਂ ਦੇ ਪਿੱਛੇ ਭੱਜਿਆਂ ਤਾਂ ਹਮਲਾਵਰਾਂ ਵੱਲੋਂ ਸਰਪੰਚ ਦੇ ਭਰਾ ਨੂੰ ਵੀ ਗੋਲੀਆਂ ਮਾਰ ਕੇ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ। ਜ਼ਿਕਰਯੋਗ ਹੈ ਇਸ ਤੋਂ

ਪਹਿਲਾਂ ਵੀ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਸਰਪੰਚ ਦਾ ਵੀ ਵਿਆਹ ਸਮਾਗਮ ਦੌਰਾਨ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਰਾਜ ਸਭਾ ਦੀਆਂ 37 ਸੀਟਾਂ ਉਤੇ ਚੋਣਾਂ 16 ਮਾਰਚ ਨੂੰ

ਨਵੀਂ ਦਿੱਲੀ । ਚੋਣ ਕਮਿਸ਼ਨ ਨੇ ਬੁਧਵਾਰ ਨੂੰ ਕਿਹਾ ਕਿ 10 ਸੂਬਿਆਂ ਦੀਆਂ 37 ਰਾਜ ਸਭਾ ਸੀਟਾਂ ਲਈ ਹਰ ਦੋ ਸਾਲ ਬਾਅਦ ਹੋਣ ਵਾਲੀਆਂ ਚੋਣਾਂ 16 ਮਾਰਚ ਨੂੰ ਹੋਣਗੀਆਂ। ਮਹਾਰਾਸ਼ਟਰ (7 ਸੀਟਾਂ), ਉੜੀਸਾ (4 ਸੀਟਾਂ), ਤੇਲੰਗਾਨਾ (2), ਤਾਮਿਲਨਾਡੂ (6 ਸੀਟਾਂ), ਛੱਤੀਸਗੜ੍ਹ (2 ਸੀਟਾਂ), ਪਛਮੀ ਬੰਗਾਲ (5 ਸੀਟਾਂ), ਅਸਾਮ (3 ਸੀਟਾਂ), ਹਰਿਆਣਾ (2 ਸੀਟਾਂ), ਹਿਮਾਚਲ ਪ੍ਰਦੇਸ਼ (1 ਸੀਟ) ਅਤੇ ਬਿਹਾਰ (5 ਸੀਟਾਂ) ਦੀਆਂ ਸੀਟਾਂ ਖਾਲੀ ਹੋ ਰਹੀਆਂ ਹਨ। ਇਹ ਸੀਟਾਂ 2 ਅਤੇ 9 ਅਪ੍ਰੈਲ ਨੂੰ ਖਾਲੀ ਪੈ ਰਹੀਆਂ ਹਨ ਅਤੇ ਚੋਣਾਂ ਲਈ ਨੋਟੀਫਿਕੇਸ਼ਨ 26 ਫ਼ਰਵਰੀ ਨੂੰ ਜਾਰੀ ਕੀਤਾ ਜਾਵੇਗਾ। 16 ਮਾਰਚ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤਕ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਉਸੇ ਦਿਨ ਸ਼ਾਮ 5 ਵਜੇ ਤੋਂ ਹੋਵੇਗੀ। ਸੇਵਾ-ਮੁਕਤ ਹੋ ਰਹੇ ਪ੍ਰਮੁੱਖ ਸੰਸਦ ਮੈਂਬਰਾਂ ਵਿਚ ਸ਼ਰਦ ਪਵਾਰ (ਐਨ.ਸੀ.ਪੀ.-ਐਸ.ਪੀ.), ਅਭਿਸ਼ੇਕ ਸਿੰਘਵੀ (ਕਾਂਗਰਸ), ਸਾਕੇਤ ਗੋਖਲੇ (ਟੀ.ਐਮ.ਸੀ.), ਰਾਮਦਾਸ ਅਠਾਵਲੇ (ਆਰ.ਪੀ.ਆਈ.-ਏ.), ਐਮ. ਥਾਂਬੀਦੁਰਾਈ (ਏ.ਆਈ.ਏ.ਡੀ.ਐਮ.ਕੇ.) ਅਤੇ

ਤਿਰੂਚੀ ਸ਼ਿਵਾ (ਡੀ.ਐਮ.ਕੇ.) ਸ਼ਾਮਲ ਹਨ।

ਭਾਜਪਾ ਰਹੇ ਸਭ ਤੋਂ ਜ਼ਿਆਦਾ ਫ਼ਾਇਦੇ 'ਚ

ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ (ਭਾਜਪਾ) 16 ਮਾਰਚ ਨੂੰ ਰਾਜ ਸਭਾ ਦੀਆਂ 37 ਸੀਟਾਂ ਉਤੇ ਹੋਣ ਜਾ ਰਹੀਆਂ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਸਦ ਦੇ ਉਪਰਲੇ ਸਦਨ 'ਚ ਤਾਕਤ ਸਭ ਤੋਂ ਜ਼ਿਆਦਾ ਵਧੇਗੀ। ਮਹਾਰਾਸ਼ਟਰ, ਉੜੀਸਾ, ਬਿਹਾਰ, ਛੱਤੀਸਗੜ੍ਹ, ਹਰਿਆਣਾ ਅਤੇ ਅਸਾਮ 'ਚ ਭਾਜਪਾ ਦੀਆਂ ਸਰਕਾਰਾਂ ਹਨ ਜਾਂ ਗਠਜੋੜ ਦੀ ਭਾਈਵਾਲ ਹੈ। ਇਸ ਨਾਲ ਪਾਰਟੀ ਨੂੰ ਉਪਰਲੇ ਸਦਨ ਵਿਚ ਨੰਬਰ ਪ੍ਰਾਪਤ ਕਰਨ ਵਿਚ ਮਦਦ ਮਿਲੇਗੀ। ਹਿਮਾਚਲ ਪ੍ਰਦੇਸ਼, ਤਾਮਿਲਨਾਡੂ, ਤੇਲੰਗਾਨਾ ਅਤੇ ਪਛਮੀ ਬੰਗਾਲ 'ਚ ਵਿਰੋਧੀ ਪਾਰਟੀਆਂ ਆਪੋ-ਅਪਣੇ ਸੂਬਿਆਂ ਦੀਆਂ ਸਰਕਾਰਾਂ ਚਲਾਉਂਦੀਆਂ ਹਨ। ਮਹਾਰਾਸ਼ਟਰ 'ਚ ਜੇਕਰ ਵਿਰੋਧੀ ਧਿਰ ਐਮ.ਵੀ.ਏ. ਇਕਜੁੱਟ ਹੋ ਕੇ ਮੁਕਾਬਲਾ ਕਰਦੀ ਹੈ ਤਾਂ ਉਹ ਰਾਜ ਸਭਾ 'ਚ ਇਕ ਉਮੀਦਵਾਰ ਭੇਜ ਸਕਦੀ ਹੈ। ਸੂਬੇ ਵਿਚ ਸੱਤ ਸੀਟਾਂ ਖਾਲੀ ਹੋ ਰਹੀਆਂ ਹਨ।

ਕਾਰ ਦੀ ਟੱਕਰ ਲੱਗਣ ਕਾਰਨ ਮਾਸੂਮ ਬੱਚੀ ਦੀ ਮੌਤ

ਟਾਂਡਾ। ਹੁਸ਼ਿਆਰਪੁਰ ਸੜਕ 'ਤੇ ਪਿੰਡ ਰਾਮਪੁਰ ਚੰਦੇੜ ਦੇ ਮੋੜ ਨੇੜੇ ਇਕ ਅਣਪਛਾਤੇ ਕਾਰ ਚਾਲਕ ਵੱਲੋਂ ਟੱਕਰ ਮਾਰਨ ਕਰਕੇ ਨੌ ਸਾਲਾ ਬੱਚੀ ਦੀ ਮੌਤ ਹੋ ਗਈ। ਜਿਸ ਦੌਰਾਨ ਟਾਂਡਾ ਪੁਲਿਸ ਨੇ ਟੱਕਰ ਮਾਰਨ ਵਾਲੇ ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਇਹ ਮਾਮਲਾ ਮ੍ਰਿਤਕ ਬੱਚੀ ਗੁਰਕੀਰਤ ਕੌਰ ਦੇ ਪਿਤਾ ਅੰਮ੍ਰਿਤਪਾਲ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਰਾਮ-ਪੁਰ ਦੇ ਆਧਾਰ 'ਤੇ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ਮ੍ਰਿਤਕ ਬੱਚੀ ਗੁਰਕੀਰਤ ਕੌਰ ਦੇ ਪਿਤਾ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਬੀਤੀ 16 ਫਰਵਰੀ ਨੂੰ ਉਹ ਆਪਣੀਆਂ ਬੱਚੀਆਂ ਸਮੇਤ ਕੰਧਾਲਾ ਜੱਟਾਂ ਵਿਖੇ ਕਿਸੇ ਕੰਮ ਲਈ ਗਿਆ ਸੀ ਵਾਪਸ ਜਾਣ ਸਮੇਂ ਜਦੋਂ ਉਹ ਸੜਕ ਪਾਰ ਕਰਨ ਲੱਗਾ ਤਾਂ ਸੜਕ ਕਿਨਾਰੇ ਖੜ੍ਹੀ ਉਸ ਦੀ ਨੌ ਸਾਲਾ ਪੁੱਤਰੀ ਗੁਰਕੀਰਤ ਕੌਰ ਵਿੱਚ ਤੇਜ਼ ਰਫ਼ਤਾਰ ਕਾਰ ਟਕਰਾ ਗਈ ਅਤੇ ਉਸ ਦੀ ਬੇਟੀ ਸੜਕ 'ਤੇ ਡਿੱਗ

ਗਈ। ਇੰਨੇ ਨੂੰ ਹੀ ਅਣਪਛਾਤਾ ਕਾਰ ਚਾਲਕ ਗੱਡੀ ਉਥੋਂ ਭਜਾ ਕੇ ਲੈ ਗਿਆ। ਅੰਮ੍ਰਿਤਪਾਲ ਨੇ ਹੋਰ ਦੱਸਿਆ ਕਿ ਜ਼ਖ਼ਮੀ ਹਾਲਤ ਵਿੱਚ ਧੀ ਨੂੰ ਇਕ ਨਿੱਜੀ ਹਸਪਤਾਲ ਲਿਆਂਦਾ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਟਾਂਡਾ ਪੁਲਿਸ ਨੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਵਿਵਾਦ ਮਗਰੋਂ ਗਲਗੋਟੀਆ 'ਵਰਸਿਟੀ ਨੂੰ 'ਏ.ਆਈ. ਸੁਮਿਟ ਐਕਸਪੋ' ਤੋਂ ਕੀਤਾ ਗਿਆ 'ਬਾਹਰ'

ਆਲੋਚਕਾਂ ਦਾ ਕਹਿਣਾ ਹੈ, ਇਹ ਯੂਨੀਵਰਸਿਟੀ ਵਲੋਂ ਭਾਰਤ 'ਚ ਨਹੀਂ ਬਣਾਇਆ ਗਿਆ, ਚੀਨ 'ਚ ਬਣਿਆ ਇਕ ਰੋਬੋਟ ਹੈ

ਨਵੀਂ ਦਿੱਲੀ: 'ਏ.ਆਈ. ਸੁਮਿਟ ਐਕਸਪੋ' 'ਚ ਪ੍ਰਦਰਸ਼ਿਤ 'ਰੋਬੋਟਿਕ ਡੌਗ' ਨੂੰ ਲੈ ਕੇ ਪੈਦਾ ਹੋਏ ਵਿਵਾਦ ਵਿਚਕਾਰ ਗਲਗੋਟੀਆ ਯੂਨੀਵਰਸਿਟੀ ਨੂੰ ਅਪਣਾ 'ਸਟਾਲ' ਤੁਰਤ ਖ਼ਾਲੀ ਕਰਨ ਲਈ ਕਿਹਾ ਗਿਆ ਹੈ। ਇਸ 'ਚ ਪ੍ਰਦਰਸ਼ਿਤ ਤਕਨਾਲੋਜੀ ਦੀ ਮਲਕੀਅਤ ਉਤੇ ਸਵਾਲ ਉਠ ਰਹੇ ਹਨ।

ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਨੇ ਕਿਹਾ ਕਿ ਯੂਨੀਵਰਸਿਟੀ ਨੂੰ ਤੁਰਤ ਪ੍ਰਦਰਸ਼ਨੀ ਵਾਲੀ ਥਾਂ ਛੱਡਣ ਲਈ ਕਿਹਾ ਗਿਆ। ਪ੍ਰਬੰਧਕ ਯੂਨੀਵਰਸਿਟੀ ਤੋਂ ਪ੍ਰਦਰਸ਼ਨੀ ਵਾਲੀ ਥਾਂ ਖ਼ਾਲੀ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਗਲਗੋਟੀਆ ਯੂਨੀਵਰਸਿਟੀ ਨੇ ਪ੍ਰਦਰਸ਼ਨੀ 'ਚ 'ਓਰਾਇਨ' ਨਾਂ ਦਾ 'ਰੋਬੋਟ ਡੌਗ' ਪ੍ਰਦਰਸ਼ਿਤ ਕੀਤਾ। ਆਲੋਚਕਾਂ ਦਾ ਕਹਿਣਾ ਸੀ ਕਿ ਇਹ ਯੂਨੀਵਰਸਿਟੀ ਵਲੋਂ ਭਾਰਤ 'ਚ ਨਹੀਂ ਬਣਾਇਆ ਗਿਆ ਬਲਕਿ ਚੀਨ 'ਚ ਬਣਿਆ ਇਕ ਰੋਬੋਟ ਹੈ। ਇਸ ਤੋਂ ਬਾਅਦ ਯੂਨੀਵਰਸਿਟੀ ਨੂੰ ਸੋਸ਼ਲ ਮੀਡੀਆ ਉਤੇ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

ਸੂਤਰਾਂ ਨੇ ਕਿਹਾ ਕਿ ਯੂਨੀਵਰਸਿਟੀ ਉਤੇ ਆਯਾਤਿਤ ਤਕਨਾਲੋਜੀ ਨੂੰ ਅਪਣਾ ਦੱਸ ਕੇ ਪੇਸ਼ ਕਰਨ ਦੇ ਦੋਸ਼ ਲੱਗੇ ਹਨ। ਗਲਗੋਟੀਆ ਯੂਨੀਵਰਸਿਟੀ ਨੇ ਇਨ੍ਹਾਂ ਦੋਸ਼ਾਂ ਤੋਂ ਬਾਅਦ ਬਿਆਨ ਜਾਰੀ ਕੀਤਾ ਅਤੇ ਕਿਹਾ, ''ਰੋਬੋਟਿਕ ਪ੍ਰੋਗਰਾਮਿੰਗ ਵਿਦਿਆਰਥੀਆਂ ਨੂੰ ਏ.ਆਈ. ਪ੍ਰੋਗਰਾਮਿੰਗ ਸਿਖਾਉਣ ਅਤੇ ਕੌਮੀ ਪੱਧਰ 'ਤੇ ਮੁਹੱਈਆ ਉਪਕਰਨਾਂ ਅਤੇ ਸਰੋਤਾਂ ਦਾ ਪ੍ਰਯੋਗ ਕਰ ਕੇ ਅਸਲ ਦੁਨੀਆ ਦੇ ਹੁਨਰ ਵਿਕਸਤ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਸਾਡੀ ਕੋਸ਼ਿਸ਼ ਦਾ ਹਿੱਸਾ ਹੈ, ਕਿਉਂਕਿ ਏ.ਆਈ. ਹੁਨਰ ਦਾ ਵਿਕਾਸ ਸਮੇਂ ਦੀ ਜ਼ਰੂਰਤ ਹੈ।''

ਯੂਨੀਵਰਸਿਟੀ ਨੇ ਕਿਹਾ ਕਿ ਉਸ ਦੇ ਅਧਿਆਪਕ ਅਤੇ ਵਿਦਿਆਰਥੀ, ਉਨ੍ਹਾਂ ਵਿਰੁਧ ਚਲਾਈ ਕੁਪ੍ਰਚਾਰ ਮੁਹਿੰਮ ਤੋਂ 'ਬਹੁਤ ਦੁਖੀ' ਹਨ। ਯੂਨੀਵਰਸਿਟੀ ਦਾ ਮਕਸਦ ਵਿਦਿਆਰਥੀਆਂ ਨੂੰ ਸਿਖਾਉਣਾ ਅਤੇ ਨਵੀਂ ਖੋਜ ਉਤੇ ਧਿਆਨ ਦੇਣਾ ਹੈ। ਇਹ ਵਿਦਿਆਰਥੀਆਂ ਨੂੰ ਵਿਹਾਰਕ ਤਜਰਬਾ ਪ੍ਰਾਪਤ ਕਰਨ ਅਤੇ ਭਵਿੱਖ ਲਈ ਤਿਆਰ ਹੋਣ 'ਚ ਮਦਦ ਕਰਨ ਲਈ ਆਧੁਨਿਕ ਤਕਨਾਲੋਜੀ ਤਕ ਪਹੁੰਚ ਪ੍ਰਦਾਨ ਕਰਦਾ ਹੈ। ਇਸ ਦੌਰਾਨ ਬੁਧਵਾਰ ਨੂੰ ਪ੍ਰਦਰਸ਼ਨੀ 'ਚ ਯੂਨੀਵਰਸਿਟੀ ਦੇ 'ਸਟਾਲ' ਉਤੇ ਕੁੱਝ ਵੀ ਪ੍ਰਦਰਸ਼ਿਤ ਨਹੀਂ ਕੀਤਾ ਗਿਆ।

ਅਸੀਂ 'ਰੋਬੋਟ ਡੌਗ' ਬਣਾਉਣ ਦਾ ਦਾਅਵਾ ਕਦੇ ਨਹੀਂ ਕੀਤਾ : ਪ੍ਰੋਫ਼ੈਸਰ ਨੇਹਾ ਸਿੰਘ

ਵਿਵਾਦ 'ਤੇ ਪ੍ਰਤੀਕਿਰਿਆ ਦਿੰਦਿਆਂ ਗਲਗੋਟੀਆ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਨੇਹਾ ਸਿੰਘ ਨੇ ਕਿਹਾ, ''ਇਹ ਵਿਵਾਦ ਇਸ ਲਈ ਪੈਦਾ ਹੋਇਆ ਕਿਉਂਕਿ ਸ਼ਾਇਦ ਗੱਲਾਂ ਨੂੰ ਸਪੱਸ਼ਟ ਰੂਪ 'ਚ ਪ੍ਰਗਟ ਨਹੀਂ ਕੀਤਾ ਗਿਆ ਅਤੇ ਇਸ ਪਿੱਛੇ ਇੱਛਾ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਗਿਆ।'' ਉਨ੍ਹਾਂ ਅੱਗੇ ਕਿਹਾ, ''''ਰੋਬੋਟ ਡੌਗ' ਬਾਰੇ ਅਸੀਂ ਇਹ ਦਾਅਵਾ ਨਹੀਂ ਕਰ ਸਕਦੇ ਕਿ ਅਸੀਂ ਇਸ ਨੂੰ ਬਣਾਇਆ ਹੈ। ਮੈਂ ਸਾਰਿਆਂ ਨੂੰ ਦਸਿਆ ਕਿ ਅਸੀਂ ਇਸ ਨੂੰ ਅਪਣੇ ਵਿਦਿਆਰਥੀਆਂ ਸਾਹਮਣੇ ਇਸ ਲਈ ਪੇਸ਼ ਕੀਤਾ ਤਾਕਿ ਉਹ ਖ਼ੁਦ ਕੁੱਝ ਬਿਹਤਰ ਬਣਾਉਣ ਲਈ ਪ੍ਰੇਰਿਤ ਹੋਣ।

ਜ਼ੀਰਕਪੁਰ 'ਚ 22 ਕਤੂਰਿਆਂ ਨੂੰ ਖਵਾਏ ਜ਼ਹਿਰੀਲੇ ਲੱਡੂ

5 ਤੋਂ 7 ਕਤੂਰਿਆਂ ਦੀ ਹੋਈ ਮੌਤ, ਬਾਕੀ ਕਤੂਰਿਆਂ ਦੀ ਹਾਲਤ ਗੰਭੀਰ

ਜ਼ੀਰਕਪੁਰ । ਜ਼ੀਰਕਪੁਰ ਤੋਂ ਇਨਸਾਨੀਅਤ ਨੂੰ ਸ਼ਰਮਸਾਰ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਕਰੀਬ 22 ਛੋਟੇ ਕਤੂਰਿਆਂ ਨੂੰ ਜਾਨ ਤੋਂ ਮਾਰਨ ਦੀ ਨੀਅਤ ਨਾਲ ਲੱਡੂਆਂ ਵਿੱਚ ਜ਼ਹਿਰ ਮਿਲਾ ਕੇ ਖਵਾਇਆ ਗਿਆ। ਜ਼ਹਿਰ ਵਾਲੇ ਲੱਡੂ ਖਾਣ ਤੋਂ ਬਾਅਦ 5 ਤੋਂ 7 ਕਤੂਰਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਬਾਕੀ ਕਤੂਰਿਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਵੱਖ-ਵੱਖ ਐਨ.ਜੀ.ਓ. ਅਤੇ ਐਨੀਮਲ ਰੈਸਕਿਊ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਡਾਕਟਰਾਂ ਦੀ ਟੀਮ ਵੱਲੋਂ ਗੰਭੀਰ ਹਾਲਤ ਵਿੱਚ ਪਏ ਕਤੂਰਿਆਂ ਦਾ ਤੁਰੰਤ ਇਲਾਜ ਸ਼ੁਰੂ ਕੀਤਾ ਗਿਆ। ਕਈ ਕਤੂਰਿਆਂ ਨੂੰ ਐਮਰਜੈਂਸੀ ਟਰੀਟਮੈਂਟ ਦੇ ਕੇ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਾਮਲੇ ਦੀ ਸੂਚਨਾ ਮਿਲਣ 'ਤੇ ਜ਼ੀਰਕਪੁਰ ਪੁਲਿਸ ਦੀ ਟੀਮ ਵੀ ਮੌਕੇ 'ਤੇ ਪਹੁੰਚੀ । ਐਨੀਮਲ ਰੈਸਕਿਊ ਟੀਮ ਦੇ ਮੈਂਬਰਾਂ ਵੱਲੋਂ ਲਿਖਤੀ ਸ਼ਿਕਾਇਤ ਦਰਜ ਕਰਵਾ ਕੇ ਦੋਸ਼ੀ ਦੀ ਪਹਿਚਾਣ ਅਤੇ ਉਸਦੇ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਪੁਲਿਸ ਵੱਲੋਂ ਨੇੜਲੇ ਇਲਾਕਿਆਂ ਦੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਦੋਸ਼ੀ ਦੀ ਪਛਾਣ ਕਰਕੇ ਉਸਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾ ਸਕੇ। ਇਸ ਘਟਨਾ ਤੋਂ ਬਾਅਦ ਸ਼ਹਿਰ ਦੇ ਡੋਗ ਲਵਰਸ ਅਤੇ ਸਮਾਜਿਕ ਸੰਸਥਾਵਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਵੱਖ-ਵੱਖ ਐਨ.ਜੀ.ਓਜ਼. ਵੱਲੋਂ ਦੋਸ਼ੀ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਦਾਹਰਣਯੋਗ ਸਜ਼ਾ ਦੇਣ ਦੀ ਮੰਗ ਕੀਤੀ ਗਈ ਹੈ। ਇਹ ਘਟਨਾ ਨਾ ਸਿਰਫ ਕਾਨੂੰਨ ਦੀ ਉਲੰਘਣਾ ਹੈ, ਸਗੋਂ ਇਨਸਾਨੀਅਤ 'ਤੇ ਵੀ ਇੱਕ ਵੱਡਾ ਸਵਾਲ ਖੜ੍ਹਾ ਕਰਦੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੁਲਿਸ ਦੋਸ਼ੀ ਤੱਕ ਕਿੰਨੀ ਜਲਦੀ ਪਹੁੰਚਦੀ ਹੈ ਅਤੇ ਮਾਸੂਮ ਜਾਨਾਂ ਨੂੰ ਇਨਸਾਫ ਕਦੋਂ ਮਿਲਦਾ ਹੈ।

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਖੜੇ ਟਰੱਕ ਦੇ ਪਿੱਛੇ ਵੱਜੀ ਕਰੇਟਾਂ ਕਾਰ, ਜਾਨੀ ਨੁਕਸਾਨ ਦਾ ਬਚਾਅ, ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ

ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰਪਾਲ ਸਿੰਘ ਕਲੇਰ) ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਨੇੜੇ ਟੋਲ ਪਲਾਜ਼ਾ ਬੱਛੂਆਂ ਤੇ ਟਰੱਕ ਟਰੱਕ ਦੇ ਪਿੱਛੇ ਕਾਰ ਵੱਜਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਟੋਲ ਪਲਾਜ਼ਾ ਬੱਛੂਆਂ ਤੇ ਐਕਸੀਡੈਂਟ ਹੋ ਗਿਆ ਹੈ। ਉਨ੍ਹਾਂ ਨੇ ਤਰੁੰਤ ਮੌਕੇ 'ਤੇ ਜਾ ਕੇ ਦੇਖਿਆ ਗਿਆ ਕਿ ਇੱਕ ਟਰੱਕ ਪੀ ਬੀ 06ਬੀ ਈ 0280 ਜੋ ਕਿ ਨੈਸ਼ਨਲ ਹਾਈਵੇ ਦੇ ਉੱਪਰ ਖੜ੍ਹਾ ਸੀ । ਜਿਸ ਨੂੰ ਤਰਲੋਚਨ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਬੁੱਟਰ ਸਿਵੀਆ, ਅੰਮ੍ਰਿਤਸਰ ਚਲਾ ਰਿਹਾ ਸੀ । ਇਸ ਖੜ੍ਹੇ ਟਰੱਕ ਦੇ ਪਿੱਛੇ ਇੱਕ ਕਰੇਟਾਂ ਕਾਰ ਟਕਰਾਅ ਗਈ ਜਿਸ ਨੰਬਰ ਪੀ ਬੀ 10 ।ਐਫ ਜੇ 0251 ਇਸ ਕਾਰ ਨੂੰ ਨਰੇਸ਼ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਭੇਡੀਆਂ ਮੰਡ ਥਾਣਾ ਕਾਠਗੜ੍ਹ ਚਲਾ ਰਿਹਾ ਸੀ ਹੈ। ਕਾਰ ਟਰੱਕ ਦੇ ਪਿੱਛੇ ਵੱਜਣ ਨਾਲ ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ। ਜਾਨੀ ਨੁਕਸਾਨ ਦਾ ਬਚਾਅ । ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਨਾਲ ਇਹਨਾਂ ਵਾਹਨਾਂ ਨੂੰ ਸਾਇਡ ਤੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ਕੇ ਇਹਨਾਂ ਦੀਆਂ ਗੱਡੀਆਂ ਨੂੰ ਸਾਈਡ ਤੇ ਲਵਾਇਆ ਗਿਆ ਅਤੇ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਇਆ ਗਿਆ। ਅਤੇ ਇਸ ਹਾਦਸੇ ਦੀ ਸੂਚਨਾ ਥਾਣਾ ਕਾਠਗੜ੍ਹ ਅਤੇ ਕੰਟਰੋਲ ਰੂਮ ਨਵਾਂਸ਼ਹਿਰ ਨੂੰ ਦੇ ਦਿੱਤੀ ਗਈ ਹੈ।

ਲੱਖਾ ਰੁਪਏ ਖਰਚ ਕੇ ਕੇਅਰ ਵਰਕਰ ਵੀਜੇ ਤੇ ਪਰਿਵਾਰਾਂ ਸਮੇਤ ਇੰਗਲੈਂਡ ਆਇਆ ਨੂੰ ਕੰਮ ਨਾ ਮਿਲਣ ਕਾਰਨ ਇਥੇ ਰਹਿਣਾ ਅਤੇ ਵਾਪਸ ਜਾਣਾ ਹੋਇਆ ਔਖਾ

ਯੂਨੀਵਰਸਿਟੀਆ ਦੀਆਂ ਵੱਡੀਆਂ ਫੀਸਾਂ ਅਤੇ 20 ਘੰਟੇ ਤੋਂ ਵੱਧ ਕੰਮ ਕਰਨ ਦੀ ਇਜਾਜਤ ਨਾ ਮਿਲਣ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਥਿਤੀ ਵੀ ਹੋਈ ਡਾਵਾਂਡੋਲ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਵਿੱਚ ਸੁਨਹਿਰੀ ਭਵਿੱਖ ਦੀ ਆਸ ਲੈ ਕੇ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਖ਼ਾਸ ਕਰਕੇ ਪੰਜਾਬ ਤੋਂ ਕੇਅਰ ਵਰਕਰ ਵੀਜ਼ੇ 'ਤੇ ਪਹੁੰਚੇ ਪਰਿਵਾਰਾਂ ਲਈ ਹਾਲਾਤ ਦਿਨੋਂਦਿਨ ਸਖ਼ਤ ਹੁੰਦੇ ਜਾ ਰਹੇ ਹਨ। ਲੱਖਾਂ ਰੁਪਏ ਖਰਚ ਕੇ, ਜ਼ਮੀਨ-ਜਾਇਦਾਦ ਵੇਚ ਕੇ ਜਾਂ ਗਹਿਣੇ ਰੱਖ ਕੇ ਇੱਥੇ ਆਏ ਕਈ ਪਰਿਵਾਰ ਅੱਜ ਕੰਮ ਦੀ ਘਾਟ, ਮਹਿੰਗਾਈ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਕਾਰਨ ਬੇਬਸੀ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ।ਇੰਗਲੈਂਡ ਵਿੱਚ 2025 ਦੌਰਾਨ ਇਮੀਗ੍ਰੇਸ਼ਨ ਅਤੇ ਉੱਚ ਸਿੱਖਿਆ ਨਾਲ ਸੰਬੰਧਿਤ ਅੰਕੜਿਆਂ ਨੇ ਇਹ ਸਪਸ਼ਟ ਕੀਤਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਵਿੱਚ ਘਟਾਅ ਅਤੇ ਕੇਅਰ ਸੈਕਟਰ ਵਿੱਚ ਵਧ ਰਹੀਆਂ ਪਾਬੰਦੀਆਂ ਨੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਲਈ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ। ਸਰਕਾਰੀ ਡਾਟਾ ਅਨੁਸਾਰ 2025 ਵਿੱਚ ਯੂਕੇ ਵਿੱਚ ਕਰੀਬ 5.5 ਤੋਂ 6 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਦਰਜ ਹੋਏ, ਜੋ ਪਿਛਲੇ ਸਾਲ ਨਾਲੋਂ ਘੱਟ ਹਨ, ਜਦਕਿ ਭਾਰਤ ਤੋਂ ਆਏ ਵਿਦਿਆਰਥੀਆਂ ਦੀ ਗਿਣਤੀ ਲਗਭਗ 1.2 ਲੱਖ ਦੇ ਆਸ-ਪਾਸ ਰਹੀ। ਡਿਪੈਂਡੈਂਟਾਂ 'ਤੇ ਪਾਬੰਦੀਆਂ ਅਤੇ ਵਧੇਰੇ ਵਿੱਤੀ ਸਬੂਤਾਂ ਦੀ ਸ਼ਰਤ ਕਾਰਨ ਨਵੀਆਂ ਅਰਜ਼ੀਆਂ ਵਿੱਚ ਕਰੀਬ 20 ਫ਼ੀਸਦੀ ਕਮੀ ਦਰਜ ਕੀਤੀ ਗਈ, ਜਦਕਿ ਅੰਦਾਜ਼ਨ 1.5 ਤੋਂ 2 ਲੱਖ ਵਿਦਿਆਰਥੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸਾਲ ਦੌਰਾਨ ਯੂਕੇ ਛੱਡ ਗਏ। ਉੱਚੀ ਫੀਸ (12 ਤੋਂ 20 ਹਜ਼ਾਰ ਪੌਂਡ ਸਾਲਾਨਾ), 800 ਤੋਂ 1200 ਪੌਂਡ ਮਹੀਨਾਵਾਰ ਕਿਰਾਇਆ ਅਤੇ ਸੀਮਿਤ ਪਾਰਟ-ਟਾਈਮ ਨੌਕਰੀਆਂ ਕਾਰਨ ਕਈ ਵਿਦਿਆਰਥੀਆਂ ਲਈ ਪੜ੍ਹਾਈ ਜਾਰੀ ਰੱਖਣਾ ਔਖਾ ਹੋ ਗਿਆ ਹੈ। ਦੂਜੇ ਪਾਸੇ ਕੇਅਰ ਸੈਕਟਰ ਵਿੱਚ ਵੀ ਹਾਲਾਤ ਚਿੰਤਾਜਨਕ ਬਣੇ ਹੋਏ ਹਨ । ਸਿਹਤ ਅਤੇ ਕੇਅਰ ਵਰਕਰ ਵੀਜ਼ਿਆਂ ਦੀਆਂ ਮਨਜ਼ੂਰੀਆਂ ਵਿੱਚ ਘਟਾਅ ਆਈ ਅਤੇ ਕਈ ਸਪਾਂਸਰਿੰਗ ਕੰਪਨੀਆਂ ਦੇ ਲਾਇਸੈਂਸ ਰੱਦ ਹੋਣ ਕਾਰਨ ਹਜ਼ਾਰਾਂ ਵਰਕਰ ਪ੍ਰਭਾਵਿਤ ਹੋਏ। ਕੇਅਰ ਕੁਆਲਿਟੀ ਕਮਿਸ਼ਨ (ਛਥਛ) ਦੀਆਂ ਰਿਪੋਰਟਾਂ ਮੁਤਾਬਕ ਮਿਆਰੀ ਮਾਪਦੰਡਾਂ ਜਾਂ ਵਿੱਤੀ ਸੰਕਟ ਕਾਰਨ ਕਈ ਕੇਅਰ ਹੋਮ ਬੰਦ ਹੋਏ, ਜਿਸ ਨਾਲ ਸੈਂਕੜਿਆਂ ਵਰਕਰਾਂ ਨੂੰ 60 ਦਿਨਾਂ ਅੰਦਰ ਨਵਾਂ ਸਪਾਂਸਰ ਲੱਭਣ ਦੀ ਚੇਤਾਵਨੀ ਮਿਲੀ। ਪੰਜਾਬ ਵਿੱਚ ਕਈ ਏਜੰਟਾਂ ਵੱਲੋਂ ਕੇਅਰ ਵਰਕਰਾਂ ਨੂੰ ਸੁਨਿਹਰੀ ਭਵਿੱਖ ਦੇ ਸੁਪਨੇ ਵਿਖਾਏ ਗਏ—ਪੱਕੀ ਨੌਕਰੀ, ਵਧੀਆ ਤਨਖ਼ਾਹ, ਪਰਿਵਾਰ ਸਮੇਤ ਸੈਟਲਮੈਂਟ ਅਤੇ ਜਲਦੀ ਪੱਕੇ ਹੋਣ ਦੇ ਦਾਅਵੇ ਕੀਤੇ ਗਏ। ਇਨ੍ਹਾਂ ਦਾਅਵਿਆਂ 'ਤੇ ਵਿਸ਼ਵਾਸ ਕਰਕੇ ਕਈ ਪਰਿਵਾਰਾਂ ਨੇ 30 ਤੋਂ 40 ਲੱਖ ਰੁਪਏ ਤੱਕ ਖਰਚ ਕਰਕੇ, ਜ਼ਮੀਨ-ਜਾਇਦਾਦ ਵੇਚ ਕੇ ਜਾਂ ਕਰਜ਼ਾ ਲੈ ਕੇ ਯਾਤਰਾ ਸ਼ੁਰੂ ਕੀਤੀ। ਪਰ ਇੱਥੇ ਪਹੁੰਚਣ 'ਤੇ ਕਈਆਂ ਨੂੰ ਹਫ਼ਤੇ ਵਿੱਚ 20 ਘੰਟਿਆਂ ਤੋਂ ਘੱਟ ਕੰਮ ਮਿਲ ਰਿਹਾ ਹੈ ਅਤੇ ਮਹੀਨਾਵਾਰ ਆਮਦਨ 1000 ਪੌਂਡ ਤੋਂ ਵੀ ਘੱਟ ਰਹਿ ਜਾਂਦੀ ਹੈ, ਜਦਕਿ ਕਿਰਾਇਆ, ਕੌਂਸਲ ਟੈਕਸ ਅਤੇ ਬੱਚਿਆਂ ਦੇ ਖਰਚੇ ਮਿਲਾ ਕੇ ਖਰਚੇ ਕਾਫ਼ੀ ਵੱਧ ਹਨ। ਕਈ ਪਰਿਵਾਰ ਨਾ ਤਾਂ ਵਾਪਸ ਪੰਜਾਬ ਜਾ ਸਕਦੇ ਹਨ ਅਤੇ ਨਾ ਹੀ ਇੱਥੇ ਪੱਕੀ ਨੌਕਰੀ ਮਿਲ ਰਹੀ ਹੈ, ਜਿਸ ਨਾਲ ਕਰਜ਼ੇ ਦਾ ਬੋਝ ਅਤੇ ਅਣਸ਼ਚਿਤ ਭਵਿੱਖ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਝੰਝੋੜ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਘਟਦੀ ਆਮਦ ਦਾ ਅਸਰ ਯੂਨੀਵਰਸਿਟੀਆਂ 'ਤੇ ਵੀ ਪਿਆ ਹੈ, ਜਿੱਥੇ ਖਰਚੇ ਘਟਾਉਣ ਅਤੇ ਸਟਾਫ਼ ਕਟੌਤੀ ਦੇ ਕਦਮ ਚੁੱਕੇ ਜਾ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਦੇਸ਼ ਦੀ ਸਿੱਖਿਆ ਅਤੇ ਸਿਹਤ ਪ੍ਰਣਾਲੀ ਦੋਹਾਂ 'ਤੇ ਲੰਬੇ ਸਮੇਂ ਦਾ ਅਸਰ ਪੈ ਸਕਦਾ ਹੈ। ਕੁੱਲ ਮਿਲਾ ਕੇ 2025 ਵਿਦਿਆਰਥੀਆਂ ਅਤੇ ਕੇਅਰ ਵਰਕਰਾਂ ਲਈ ਚੁਣੌਤੀਆਂ ਭਰਿਆ ਸਾਲ ਸਾਬਤ ਹੋਇਆ ਹੈ ਅਤੇ ਭਾਈਚਾਰੇ ਵੱਲੋਂ ਸਰਕਾਰ ਨੂੰ ਸਪਾਂਸਰ ਪ੍ਰਣਾਲੀ ਪਾਰਦਰਸ਼ੀ ਬਣਾਉਣ ਅਤੇ ਪ੍ਰਭਾਵਿਤ ਪਰਿਵਾਰਾਂ ਲਈ ਤੁਰੰਤ ਰਾਹਤਕਾਰੀ ਕਦਮ ਚੁੱਕਣ ਦੀ ਮੰਗ ਕੀਤੀ ਜਾ ਰਹੀ ਹੈ।

ਗੈਂਗਸਟਰਾਂ 'ਤੇ ਹਮਲਾ ਕਰਨ ਦੀ ਸਰਕਾਰ ਦੀ ਮੁਹਿੰਮ ਸਿਰਫ਼ ਪ੍ਰਚਾਰ ਤੱਕ ਸੀਮਿਤ : ਦੇਬੀ

ਦੇਬੀ ਨੇ ਲਾਭਪਾਤਰੀ ਪਰਿਵਾਰਾਂ ਨੂੰ ਪੈਨਸ਼ਨ ਦਸਤਾਵੇਜ਼ ਅਤੇ ਜ਼ੀਰੋ ਬੈਲੇਂਸ ਖਾਤੇ ਦੀਆਂ ਸੌਂਪੀਆਂ ਕਾਪੀਆਂ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਪੰਜਾਬ ਭਾਜਪਾ ਦੇ ਖ਼ਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਨੇ ਵਿਧਾਨ ਸਭਾ ਸੈਂਟਰਲ ਦੇ ਸੈਂਕੜੇ ਪਰਿਵਾਰਾਂ ਨੂੰ ਪ੍ਰਵਾਨਿਤ ਵਿਧਵਾ, ਬੁਢਾਪਾ ਅਤੇ ਅੰਗਹੀਣ ਪੈਨਸ਼ਨਾਂ ਦੇ ਦਸਤਾਵੇਜ਼ ਅਤੇ ਜ਼ੀਰੋ ਬੈਲੇਂਸ ਖਾਤਿਆਂ ਦੀਆਂ ਬੈਂਕ ਕਾਪੀਆਂ ਸੌਂਪੀਆਂ। ਸਥਾਨਕ ਈਸਾ ਨਗਰੀ ਸਥਿਤ ਭਾਜਪਾ ਦਫ਼ਤਰ ਵਿਖੇ ਕਰਵਾਏ ਸਮਾਗਮ ਦੌਰਾਨ ਸ਼੍ਰੀ ਦੇਬੀ ਨੇ ਉਪਰੋਕਤ ਦਸਤਾਵੇਜ਼ ਸੰਬੰਧਿਤ ਲਾਭਪਾਤਰੀਆਂ ਨੂੰ ਭੇਟ ਕੀਤੇ। ਦੇਬੀ ਨੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਹਰ ਘਰ ਤੱਕ ਪਹੁੰਚਾਉਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਨ ਵਿੱਚ ਅਸਫਲ ਰਹੀ ਹੈ। ਆਮ ਆਦਮੀ ਦੇ ਨਾਂ 'ਤੇ ਵੋਟਾਂ ਬਟੋਰਨ ਵਾਲੇ ਲੋਕ ਸਤਾ ਸੁੱਖ ਮਿਲਦਿਆਂ ਹੀ ਖਾਸ ਲੋਕਾਂ ਵਾਂਗ ਵਿਵਹਾਰ ਕਰ ਰਹੇ ਹਨ। ਉਨ੍ਹਾਂ ਸ਼ਹਿਰ ਵਿੱਚ ਲੁੱਟ-ਖੋਹ ਦੀਆਂ ਵੱਧ ਰਹੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਦਾ ਧਿਆਨ ਗੈਂਗਸਟਰਾਂ ਤੇ ਲੁਟੇਰਿਆਂ 'ਤੇ ਪ੍ਰਹਾਰ ਕਰਨ ਦੀ ਬਜਾਏ ਪ੍ਰਚਾਰ ਰਾਹੀਂ ਸ਼ੋਹਰਤ ਹਾਸਲ ਕਰਨ ਵੱਲ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਜੇਕਰ ਨੌਜਵਾਨ ਆਪਣਾ ਪਸੀਨਾ ਵਹਾਉਣਗੇ ਤਾਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣਗੇ: ਸਪੀਕਰ ਸੰਧਵਾਂ

● ਬੈਲ ਗੱਡੀਆਂ ਦੀਆਂ ਦੌੜਾਂ ਦੀ ਮੁੜ ਸ਼ੁਰੂਆਤ ਨੇ ਪੰਜਾਬ ਵਿੱਚ ਖੇਡ ਭਾਵਨਾ ਭਰੀ ਹੈ : ਪੰਨੂੰ

● ਪੇਂਡੂ ਉਲੰਪਿਕ ਕਿਲਾ ਰਾਏਪੁਰ ਦੀਆਂ ਖੇਡਾਂ ਦੇ ਦੂਜੇ ਦਿਨ ਵੱਖ ਵੱਖ ਖੇਡਾਂ ਦੇ ਹੋਏ ਰੌਚਕ ਮੁਕਾਬਲੇ

ਕਿਲਾ ਰਾਏਪੁਰ (ਗੁਰਭਿੰਦਰ ਗੁਰੀ) : ਪੇਂਡੂ ਉਲੰਪਿਕ ਵਜੋਂ ਦੁਨੀਆ ਭਰ ਵਿੱਚ ਮਸ਼ਹੂਰ ਕਿਲਾ ਰਾਏਪੁਰ ਦੀਆਂ ਖੇਡਾਂ 2026 ਦੇ ਅੱਜ ਦੂਸਰੇ ਦਿਨ ਬੈਲਗੱਡੀਆਂ ਦੀਆਂ ਦੌੜਾ, ਲੜਕੀਆਂ ਦੀ ਲੰਬੀ ਛਾਲ ਮੁਕਾਬਲੇ, ਮੁੰਡਿਆਂ ਦੀਆਂ ਦੌੜਾ, ਲੜਕੀਆਂ ਦੇ ਕਬੱਡੀ ਮੁਕਾਬਲੇ, ਸ਼ਾਟਪੁੱਟ ਵੱਖ ਵੱਖ ਵਿਅਕਤੀਆਂ ਵੱਲੋਂ ਕਰਤੱਵ ਦਿਖਾਏ ਗਏ। ਖੇਡ ਮੈਦਾਨ ਪਰਿਵਾਰਾਂ, ਕਿਸਾਨਾਂ, ਨੌਜਵਾਨਾਂ ਸਮੂਹਾਂ, ਰਾਜ ਅਤੇ ਇਸ ਤੋਂ ਬਾਹਰ ਦੇ ਦਰਸ਼ਕਾਂ ਦੇ ਨਾਲ ਖਚਾਖਚ ਭਰਿਆ ਹੋਇਆ ਸੀ ਜਿਸ ਨਾਲ ਏਕਤਾ, ਉਤਸ਼ਾਹ ਅਤੇ ਭਾਈਚਾਰਕ ਭਾਵਨਾ ਦਾ ਇੱਕ ਵੱਖਰਾ ਹੀ ਮਾਹੌਲ ਪੈਦਾ ਹੋਇਆ। ਖੇਡ ਮੇਲੇ 'ਚ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨਾਂ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਦੇ ਓਐਸਡੀ ਬਲਤੇਜ ਪੰਨੂ ਨੇ ਵੀ ਖੇਡ ਮੇਲੇ ਵਿੱਚ ਹਾਜ਼ਰੀ ਭਰੀ। ਇਸ ਮੌਕੇ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਗਲੀਆਂ ਪੀੜੀਆਂ ਤੱਕ ਸਾਡੇ ਵਿਰਸੇ ਨੂੰ ਪਹੁੰਚਣ ਦਾ ਮਾਣ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੈਲਗੱਡੀਆਂ ਦੀਆਂ ਦੌੜਾ ਅਤੇ ਪੇਂਡੂ ਖੇਡਾਂ ਬਚਾਉਣ ਦਾ ਸਿਹਰਾ ਕਿਲਾ ਰਾਏਪੁਰ ਦੀ ਖੇਡ ਕਮੇਟੀ ਨੂੰ ਵੀ ਜਾਂਦਾ ਹੈ। ਸਪੀਕਰ ਸੰਧਵਾਂ ਨੇ ਕਿਹਾ ਕਿ ਮਿੰਨੀ ਉਲੰਪਿਕ ਖੇਡਾ ਇੱਕ ਮੇਲਾ ਹੀ ਨਹੀਂ ਸਗੋਂ ਪੰਜਾਬ ਦੀ ਅਣਖ, ਸਾਡੇ ਪੁਰਖਿਆਂ ਦੀ ਵਿਰਾਸਤ, ਸਾਡੀ ਸੰਸਕ੍ਰਿਤੀ ਦਾ ਜਿਉਂਦਾ ਜਾਗਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਬੈਲਗੱਡੀਆਂ ਦੀ ਦੌੜ ਬੰਦ ਹੋਣ ਕਾਰਨ ਪਿੰਡਾਂ ਦੀਆਂ ਖੇਡਾਂ ਦੀ ਰੌਣਕ ਖ਼ਤਮ ਹੋ ਗਈ ਸੀ। ਉਨ੍ਹਾਂ ਕਮੇਟੀ ਨੂੰ ਮੁਬਾਰਕਵਾਦ ਦਿੰਦਿਆਂ ਕਿਹਾ ਕਿ ਇਹ ਖੇਡਾਂ ਉਨ੍ਹਾਂ ਦੇ ਸਦਕਾ ਖੇਡ ਗਰਾਉਂਡ ਵਿੱਚ ਰੌਣਕਾਂ ਪਰਤੀਆਂ ਹਨ। ਸਪੀਕਰ ਸੰਧਵਾਂ ਨੇ ਕਿਹਾ ਕਿ ਕਿਲਾ ਰਾਏਪੁਰ ਸਿਰਫ ਇੱਕ ਪਿੰਡ ਦਾ ਨਾਮ ਨਹੀਂ, ਸਗੋਂ ਪੰਜਾਬੀਆਂ ਲਈ ਖੇਡਾਂ ਦਾ ਇੱਕ ਮੌਕਾ ਹੈ। ਕਿਉਂਕਿ ਇੰਨਾ ਖੇਡਾਂ ਨੂੰ ਦੁਨੀਆਂ ਵਿੱਚ ਮਿੰਨੀ ਉਲੰਪਿਕ ਵਜੋ ਜਾਣਿਆਂ ਜਾਂਦਾ ਹੈ। ਇਸ ਖੇਡ ਮੇਲੇ ਵਿੱਚ ਵੱਖ ਵੱਖ ਦੇਸ਼ਾਂ ਤੋਂ ਖਿਡਾਰੀ ਹਿੱਸਾ ਲੈਂਦੇ ਰਹੇ। ਇਹ ਖੇਡਾਂ ਸਾਡੇ ਪੇਂਡੂ ਜੀਵਨ ਦੀ ਸਾਦਗੀ ਅਤੇ ਪੰਜਾਬੀਆਂ ਦੀ ਚੜਦੀ ਕਲਾ ਦਾ ਪ੍ਰਤੀਕ ਹੈ। ਇਸ ਖੇਡ ਮੇਲੇ ਨੇ ਹਾਕੀ ਉਲੰਪੀਅਨ ਤੋਂ ਲੈ ਕੇ ਕਬੱਡੀ ਦੇ ਹੀਰੇ ਦਿੱਤੇ ਹਨ। ਖੇਡ ਮੇਲੇ ਸਾਡੇ ਲਈ ਮੰਨੋਰੰਜਨ ਨਹੀਂ ਸਗੋਂ ਸਾਡੇ ਗੱਭਰੂਆਂ ਦੇ ਜੋਸ ਤੇ ਜਜ਼ਬੇ ਨੂੰ ਤਿੱਖਾ ਕਰਦੇ ਹਨ। ਖੇਡ ਮੇਲੇ ਜਾਤ ਪਾਤ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਪੰਜਾਬ ਪ੍ਰਗਟਾਵਾ ਕਰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਪੰਜਾਬ ਦੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡ ਮੈਦਾਨਾਂ ਨਾਲ ਜੁੜੇ। ਉਨ੍ਹਾਂ ਕਿਹਾ ਕਿ ਇਹ ਮੇਲਾ ਸਾਂਝੀਵਾਲਤਾ ਦਾ ਪ੍ਰਤੀਕ ਹੈ, ਕੋਈ ਵੈਰ ਵਿਰੋਧ ਨਹੀਂ, ਕੋਈ ਪਾਰਟੀਬਾਜ਼ੀ ਨਹੀਂ ਸਿਰਫ ਪੰਜਾਬੀਅਤ ਲਈ ਪਿਆਰ ਹੈ, ਪਿੰਡਾਂ ਦਾ ਪਿਆਰ ਹੈ, ਸਾਡੇ ਵਿਰਸੇ ਲਈ ਪਿਆਰ ਹੈ। ਉਨ੍ਹਾਂ ਕਿਹਾ ਕਿ ਅਗਰ ਅਸੀਂ ਰਲਕੇ ਹੰਭਲਾ ਮਾਰਾਂਗੇ ਤਾਂ ਪੰਜਾਬ ਨੂੰ ਮੁੜ ਤੋਂ ਸੋਨੇ ਦੀ ਚਿੜੀ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਸਪੀਕਰ ਸੰਧਵਾਂ ਨੇ ਕਿਹਾ ਕਿ ਸਰਕਾਰ ਵੱਲੋਂ ਵਿਸ਼ੇਸ਼ ਫੰਡ ਅਤੇ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਤੇ ਮਾਣ ਕਰਦੀਆਂ ਰਹਿਣ। ਉਨ੍ਹਾਂ ਕਿਹਾ ਕਿ ਨਸਿਆਂ ਦੇ ਕੋਹੜ ਨੂੰ ਖ਼ਤਮ ਕਰਨ ਦਾ ਸਭ ਤੋਂ ਕਾਰਗਰ ਤਰੀਕਾ ਖੇਡ ਮੈਦਾਨ ਹਨ, ਜੇਕਰ ਨੌਜਵਾਨ ਆਪਣਾ ਪਸੀਨਾ ਵਹਾਉਣਗੇ ਤਾਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣਗੇ। ਉਨ੍ਹਾਂ ਕਿਹਾ ਕਿ ਖੇਡ ਮੇਲੇ ਦੀ ਇੱਕ ਹੋਰ ਖੂਬਸੂਰਤੀ ਲੋਕ ਗਾਇਕੀ ਤੇ ਖੁੱਲੇ ਅਖਾੜੇ ਵੀ ਸਾਡੇ ਸੱਭਿਆਚਾਰ, ਲੋਕ ਗਥਾਵਾਂ, ਕਿੱਸੇ, ਸਾਡੇ ਸੰਘਰਸ਼ਾਂ ਦੀ ਜਿਉਂਦੀ ਜਾਗਦੀ ਤਸਵੀਰ ਹੈ। ਉਨ੍ਹਾਂ ਕਿਹਾ ਜਿੰਨ੍ਹਾਂ ਦੀ ਬੋਲੀ ਜਾਗਦੀ ਰਹਿੰਦੀ ਹੈ, ਉਨ੍ਹਾਂ ਦੀਆਂ ਵਿਰਾਸਤਾਂ ਜਿਉਂਦੀਆਂ ਰਹਿੰਦੀਆਂ ਹਨ। ਸਪੀਕਰ ਸੰਧਵਾਂ ਨੇ ਕਿਹਾ ਕਿ ਅੱਜ ਜਦੋਂ ਪੱਛਮੀ ਸੱਭਿਆਚਾਰ ਦੀ ਹਨੇਰੀ ਚੱਲ ਰਹੀ ਹੈ ਤਾਂ ਸਾਨੂੰ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਦੀ ਲੋੜ ਹੈ। ਜੇਕਰ ਅਸੀਂ ਆਪਣੀ ਰਿਵਾਇਤੀ ਖੇਡਾਂ, ਆਪਣੀ ਮਾਂ ਬੋਲੀ ਅਤੇ ਆਪਣੇ ਵਿਰਸੇ ਨੂੰ ਭੁਲਾ ਦਿੱਤਾ ਤਾਂ ਸਾਡੀ ਪੀੜ੍ਹੀ ਕੋਲ ਆਪਣੀ ਪਛਾਣ ਦੱਸਣ ਲਈ ਕੁੱਝ ਨਹੀਂ ਰਹਿਣਾ। ਉਨ੍ਹਾਂ ਕਿਹਾ ਕਿ ਸਰਕਾਰ ਨੀਤੀਆਂ ਬਣਾ ਸਕਦੀ ਹੈ ਤੇ ਮੈਦਾਨਾਂ ਦੀਆਂ ਰੌਣਕਾਂ ਤੁਸੀਂ ਲਗਾਉਣੀਆਂ ਹਨ। ਉਨ੍ਹਾਂ ਕਿਹਾ ਸਾਨੂੰ ਆਪਣੇ ਬੱਚਿਆਂ ਨੂੰ ਰੀਲਾਂ ਤੇ ਸਟੋਰੀਆਂ ਤੋਂ ਦੂਰ ਕਰਕੇ ਮੈਦਾਨਾਂ ਤੱਕ ਲੈ ਕੇ ਆਉਣਾ ਪਵੇਗਾ। ਪੰਜਾਬ ਸਰਕਾਰ ਦੇ ਸਟੇਟ ਮੀਡੀਆ ਹੈੱਡ ਸ੍ਰੀ ਬਲਤੇਜ ਪੰਨੂ ਨੇ ਪ੍ਰਬੰਧਕਾਂ ਅਤੇ ਦਰਸ਼ਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦੀ ਸ਼ਲਾਘਾ ਕੀਤੀ ਜਿਸ ਨਾਲ ਇਹਨਾਂ ਖੇਡਾਂ ਨੂੰ ਇੱਕ ਸ਼ਾਨਦਾਰ ਸਫਲਤਾ ਵਿੱਚ ਬਦਲਿਆ ਗਿਆ। ਉਨ੍ਹਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਕਿਵੇਂ ਬੈਲ ਗੱਡੀਆਂ ਦੀਆਂ ਦੌੜਾਂ ਦੀ ਮੁੜ ਸ਼ੁਰੂਆਤ ਨੇ ਪੰਜਾਬ ਭਰ ਵਿੱਚ ਇੱਕ ਤਾਜ਼ਾ ਖੇਡ ਭਾਵਨਾ ਭਰੀ ਹੈ ਜਿਸ ਨਾਲ ਪੇਂਡੂ ਜੋਸ਼ ਅਤੇ ਸੱਭਿਆਚਾਰਕ ਪਛਾਣ ਦੇ ਪ੍ਰਤੀਕ ਵਜੋਂ ਪੇਂਡੂ ਓਲੰਪਿਕ ਕਿਲਾ ਰਾਏਪੁਰ ਦੀ ਸ਼ਾਨ ਨੂੰ ਬਹਾਲ ਕੀਤਾ ਗਿਆ ਹੈ। ਉਨ੍ਹਾਂ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਜ਼ਨ ਦੇ ਤਹਿਤ, ਅਸੀਂ ਪਿਛਲੀਆਂ ਚੁਣੌਤੀਆਂ ਨੂੰ ਪਾਰ ਕਰਕੇ ਇਸ ਸ਼ਾਨਦਾਰ ਖੇਡਾਂ ਨੂੰ ਸਹੀ ਸੁਰੱਖਿਆ ਪ੍ਰਬੰਧਾਂ ਨਾਲ ਵਾਪਸ ਲਿਆਂਦਾ ਹੈ ਅਤੇ ਅੱਜ ਲੋਕਾਂ ਦੇ ਚਿਹਰਿਆਂ 'ਤੇ ਖੁਸ਼ੀ ਦੇਖ ਕੇ ਪਤਾ ਲੱਗਦਾ ਹੈ ਕਿ ਇਹ ਕੋਸ਼ਿਸ਼ ਦੇ ਸ਼ਲਾਘਾਯੋਗ ਹੈ।

ਅੱਜ ਹੋਏ ਹਾਕੀ (ਲੜਕੇ) ਦੇ ਸੈਮੀਫਾਈਨਲ ਦੇ ਮੁਬਕਾਬਲਿਆਂ ਵਿੱਚ ਅਮਰਗੜ੍ਹ ਨੇ ਕਿਲਾ ਰਾਏਪੁਰ ਨੂੰ 1-0 ਦੇ ਫਰਕ ਨਾਲ ਹਰਾਇਆ। ਦੂਜੇ ਸੈਮੀਫਾਈਨਲ ਵਿੱਚ ਕੁਰੂਕਸੇਤਰ ਨੇ ਰਾਏਕੋਟ ਨੂੰ 1-0 ਨਾਲ ਹਰਾਇਆ। ਹਾਕੀ (ਲੜਕੀਆਂ) ਦੇ ਪਹਿਲੇ ਸੈਮੀਫਾਈਨਲ ਮੁਕਾਬਲੇ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦਿੱਲੀ ਨੂੰ 3-2 ਨਾਲ ਹਰਾਇਆ। ਦੂਜੇ ਸੈਮੀਫਾਈਨਲ ਵਿੱਚ ਅੰਮ੍ਰਿਤਸਰ ਨੇ ਅਮਰਗੜ੍ਹ ਨੂੰ 2-1 ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ। ਕਬੱਡੀ ਨੈਸ਼ਨਲ ਸਟਾਈਲ ਅੰਡਰ-17 (ਲੜਕੀਆਂ) ਦੇ ਫਾਈਨਲ ਮੁਕਾਬਲੇ ਵਿੱਚ ਮੋਗਾ ਨੇ ਇਆਲੀ ਕਲਾਂ ਨੂੰ 14-13 ਦੇ ਫਰਕ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਕਬੱਡੀ ਸਰਕਲ ਸਟਾਈਲ ਓਪਨ (ਲੜਕਿਆਂ) ਦੇ ਮੁਕਾਬਲਿਆਂ ਵਿੱਚ ਜਗਤਪੁਰ ਦੀ ਟੀਮ ਨੇ ਰੋਪੜ ਦੀ ਟੀਮ ਨੂੰ 15-11 ਦੇ ਫਰਕ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ। ਦੂਜੇ ਮੁਕਾਬਲੇ ਵਿੱਚ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੂੰ ਪਠਾਨਕੋਟ ਨੇ 12-06 ਦੇ ਵੱਡੇ ਫਰਕ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਤੀਜੇ ਮੁਕਾਬਲੇ ਵਿੱਚ ਮੋਗਾ ਦੀ ਟੀਮ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਟੀਮ ਨੂੰ 17-06 ਦੇ ਫਰਕ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਬਣਾਈ। ਲੰਮੀ ਛਾਲ ਓਪਨ (ਲੜਕੇ) ਦੇ ਮੁਕਾਬਲਿਆਂ 'ਚ ਅਭਿਨਾਸ ਨੇ ਪਹਿਲਾ, ਜਗਰੂਪ ਸਿੰਘ ਨੇ ਦੂਜਾ, ਨਰਿੰਦਰ ਨੇ ਤੀਜਾ ਸਥਾਨ ਹਾਸਲ ਕੀਤਾ। ਲੰਮੀ ਛਾਲ ਓਪਨ (ਲੜਕੀਆਂ) 'ਚ ਸਿਮਰਨ ਨੇ ਪਹਿਲਾ, ਹਰਲੀਨ ਨੇ ਦੂਜਾ, ਡੌਲੀ ਨੇ ਤੀਜਾ ਸਥਾਨ ਲਿਆ। ਸਾਟਪੁੱਟ ਓਪਨ (ਲੜਕੇ) ਦੇ ਮੁਕਾਬਲਿਆਂ 'ਚ ਧਨਵੀਰ ਸਿੰਘ ਨੇ ਪਹਿਲਾ, ਵਤਨਪ੍ਰੀਤ ਸਿੰਘ ਨੇ ਦੂਜਾ, ਦਿਲਜਾਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਾਰਪੁੱਟ ਓਪਨ (ਲੜਕੀਆਂ) ਜੈਸਮੀਨ ਕੌਰ ਨੇ ਪਹਿਲਾ, ਹਰਮਨਦੀਪ ਕੌਰ ਨੇ ਦੂਜਾ, ਕ੍ਰਿਤਿਕਾ ਗੌਰ ਨੇ ਤੀਜਾ ਸਥਾਨ ਲਿਆ। 100 ਮੀਟਰ ਲੜਕਿਆਂ ਦੀਆਂ ਦੌੜਾਂ ਵਿੱਚ ਹਰਜੀਤ ਸਿੰਘ ਨੇ ਪਹਿਲਾ, ਆਦੇਸ ਗਰਸਾ ਨੇ ਦੂਜਾ, ਰਮਨਦੀਪ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਲੜਕੀਆਂ ਦੀਆਂ ਦੌੜਾਂ ਵਿੱਚ ਸਿਮਰਨਜੀਤ ਕੌਰ ਨੇ ਪਹਿਲਾ, ਸੁਖਵੀਰ ਕੌਰ ਨੇ ਦੂਜਾ ਅਤੇ ਸਿਮਰਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਅੱਜ ਇਸ ਤੋਂ ਇਲਾਵਾ ਬੈਲਗੱਡੀਆਂ ਦੀਆਂ ਦੌੜਾਂ, ਬੁਲੇਟ ਮੋਟਰਸਾਈਕਲ ਤੇ ਕਰਤੱਵ ਅਤੇ ਵੱਖ ਵੱਖ ਖੇਡਾਂ ਦੇ ਕਰਤੱਵ ਕੀਤੇ ਗਏ। ਅੱਜ ਦੀਆਂ ਖੇਡਾਂ ਸਮਾਪਤ ਹੋਣ ਤੋਂ ਬਾਅਦ ਪੰਜਾਬ ਦੇ ਉੱਘੇ ਗਾਇਕ ਹਰਜੀਤ ਹਰਮਨ ਵੱਲੋਂ ਆਪਣੀ ਗਾਇਕੀ ਰਾਹੀਂ ਖੇਡ ਪ੍ਰੇਮੀਆਂ ਦਾ ਮੰਨੋਰੰਜਨ ਕੀਤਾ ਗਿਆ। ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਰਜੀਤ ਬੈਂਸ, ਐਸ.ਡੀ.ਐਮ ਲੁਧਿਆਣਾ ਪੂਰਬੀ ਜਸਲੀਨ ਕੌਰ ਭੁੱਲਰ, ਐਸ.ਡੀ.ਐਮ ਉਪਿੰਦਰਜੀਤ ਕੌਰ ਬਰਾੜ, ਸਹਾਇਕ ਕਮਿਸ਼ਨਰ ਡਾ. ਪ੍ਰਗਤੀ ਵਰਮਾ, ਜ਼ਿਲ੍ਹਾ ਖੇਡ ਅਫ਼ਸਰ ਕੁਲਦੀਪ ਚੁੱਘ, ਐਸਡੀਐਮ ਉਪਿੰਦਰਜੀਤ ਕੌਰ, ਨਵਨੀਤ ਜੋਸ਼ੀ ਅਤੇ ਹੋਰ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਦਰਸ਼ਕ ਸ਼ਾਮਲ ਸਨ।

ਕੇਸੀ ਸਕੂਲ ਦੇ 31 ਵਿਦਿਆਰਥੀ ਟੀਚਰਾਂ ਦਾ ਅਸ਼ੀਰਵਾਦ ਲੈ ਕੇ ਪੇਪਰ ਪਾਉਣ ਗਏ

ਸਾਰਿਆਂ ਵਿਦਿਆਰਥੀਆਂ ਨੂੰ ਪੇਪਰ ਪਾਉਣ ਤੋਂ ਬਾਅਦ ਸਕੂਲ ਟੀਚਰਾਂ ਨਾਲ ਕੀਤੀ ਚਰਚਾ

ਨਵਾਂਸ਼ਹਿਰ, (ਜਤਿੰਦਰਪਾਲ ਸਿੰਘ ਕਲੇਰ) ਬੁਧਵਾਰ ਨੂੰ ਸੀਬੀਐਸਈ ਵਲੋਂ ਪਲੱਸ ਟੂ ਦਾ ਫਿਜੀਕਲ ਦਾ ਪੇਪਰ ਸ਼ੁਰੂ ਹੋਇਆ। ਕੇਸੀ ਪਬਲਿਕ ਸਕੂਲ ਪ੍ਰਿੰਸੀਪਲ ਅਤੇ ਸੀਈਓ ਅਸ਼ਵਨੀ ਦਤਾ ਕੀ ਦੇਖਰੇਖ ਵਿਚ 31 ਵਿਦਿਆਰਥੀਆਂ ਪੇਪਰ ਪਾਉਣ ਲਈ ਨਵਾਂਸ਼ਹਿਰ ਦੇ ਮੁਸਾਪੁਰ ਰੋਡ ਤੇ ਬਣੇ ਡੀਏਵੀ ਸਕੂਲ ਵਿਚ ਪੇਪਰ ਪਾਉਣ ਗਏ। ਸੱਭ ਤੋਂ ਪਹਿਲਾਂ ਸਾਰੇ ਵਿਦਿਆਰਥੀਆਂ ਨੇ ਟੀਚਰਾਂ ਦੇ ਪੈਰੀ ਹੱਥ ਲਾ ਕੇ ਅਸ਼ੀਰਵਾਦ

ਪੇਪਰ ਪਾਉਣ ਤੋ ਪਹਿਲਾ ਮੀਨੂੰ ਕੰਡਾ ਮੈਡਮ ਮੂੰਹ ਮਿਠਾ ਕਰਵਾਉਂਦੇ ਹੋਏ ਉਹਨਾ ਦੇ ਨਾਲ ਮਨੀਸ਼ਾ ਰਾਣੀ ਟਿਪਸ ਦਿੰਦੇ ਹੋਏ।

ਲਿਆ । ਪੇਪਰ ਦੀ ਰਵਾਨਗੀ ਤੋਂ ਪਹਿਲਾਂ ਸਕੂਲ ਹੇਡ ਮਾਸਟਰ ਗੁਰਪਰੀਤ ਸਿੰਘ ਅਤੇ ਫਿਜੀਕਲ ਦੀ ਟੀਚਰ ਮਨੀਸ਼ਾ ਰਾਣੀ ਨੇ ਮੌਜੂਦ ਵਿਦਿਆਰਥੀਆਂ ਨੂੰ ਸਫਲਤਾ ਦੇ ਟਿਪਸ ਦਿੱਤੇ । ਅਤੇ ਜਦੋ ਉਹ ਪੇਪਰ ਪਾ ਕੇ ਆਏ ਤਾ ਉਹਨਾਂ ਨਾਲ ਚਰਚਾ ਕਰਦੇ ਹੋਇਆ ਦੱਸਿਆ ਕਿ ਪੇਪਰ ਅਸਾਨ ਸੀ। ਮੌਕੇ 'ਤੇ ਮੋਨਿਕਾ ਸ਼ਰਮਾ, ਹਿਨਾ ਖੰਨਾ, ਹਰਵਿੰਦਰ ਕੌਰ, ਸਾਹਿਲ ਕੁਮਾਰ, ਹਰਦੀਪ ਸਿੰਘ ਸੰਧੂ ਵੀ ਨਾਲ ਗਏ ।

ਖੇਤੀਬਾੜੀ ਵਿਭਾਗ ਵਲੋਂ ਆਤਮਾ ਸਕੀਮ ਅਧੀਨ ਫਾਰਮਰ ਸਾਇੰਟਿਸਟ ਇੰਟਰਐਕਸ਼ਨ ਕਰਵਾਈ ਗਈ

ਨਵਾਂ ਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ) ਖੇਤੀਬਾੜੀ ਵਿਭਾਗ ਵਲੋਂ ਆਤਮਾ ਸਕੀਮ ਅਧੀਨ ਡਾ. ਰਾਕੇਸ਼ ਕੁਮਾਰ ਸ਼ਰਮਾ, ਮੁੱਖ ਖੇਤੀਬਾੜੀ ਅਫਸਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਹੇਠ ਮੁੱਖ ਖੇਤੀਬਾੜੀ ਦਫਤਰ ਦੇ ਸੈਮੀਨਾਰ ਹਾਲ ਵਿਖੇ "ਵਾਤਾਵਰਣ ਤਬਦੀਲੀ ਦਾ ਫਸਲਾਂ ਤੇ ਪ੍ਰਭਾਵ" ਵਿਸ਼ੇ ਤੇ ਫਾਰਮਰ ਸਾਇੰਟਿਸਟ ਇੰਟਰਐਕਸ਼ਨ ਕਰਵਾਈ ਗਈ। ਇਸ ਮੌਕੇ ਤੇ ਡਾ. ਰਾਕੇਸ਼ ਕੁਮਾਰ ਸ਼ਰਮਾ, ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਾਤਾਵਰਣ ਤਬਦੀਲੀ ਦਾ ਫਸਲਾਂ ਤੇ ਪੈਣ ਵਾਲੇ ਪ੍ਰਭਾਵਾਂ ਦਾ ਟਾਕਰਾ ਕਰਨ ਲਈ ਸਿਫਾਰਸ਼-ਸ਼ੁਦਾ ਫਸਲਾਂ ਦੀਆਂ ਕਿਸਮਾਂ, ਬਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕਿਸਾਨਾਂ ਵਲੋਂ ਕੁਦਰਤੀ ਸ਼ਰੋਤਾਂ ਦੀ ਸਾਂਭ ਸੰਭਾਲ ਲਈ ਕੁਦਰਤੀ ਖੇਤੀ, ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ। ਉਹਨਾਂ ਕਿਹਾ ਕਿ ਜਿਹਨਾਂ ਕਿਸਾਨਾਂ ਵਲੋਂ ਝੋਨੇ ਹੇਠ ਰਕਬਾ ਘਟਾ ਕੇ ਮੱਕੀ ਬੀਜਣ ਨੂੰ ਤਰਜੀਹ ਦਿੱਤੀ ਜਾਵੇਗੀ, ਉਹਨਾਂ ਨੂੰ ਮੱਕੀ ਬੀਜਣ ਤੇ ਆਉਣ ਵਾਲੇ ਖਰਚੇ ਤੋਂ ਸਬਸਿਡੀ ਦਿੱਤੀ ਜਾਵੇਗੀ। ਡਾ. ਕਮਲਦੀਪ ਸਿੰਘ ਸੰਘਾ, ਪ੍ਰੋਜੈਕਟ ਡਾਇਰੈਕਟਰ (ਆਤਮਾ) ਵਲੋਂ ਕਿਸਾਨਾਂ ਨੂੰ ਫਸਲਾਂ ਦੇ ਉਤਪਾਦਨ ਤੇ ਵਾਤਾਵਰਣ ਤਬਦੀਲੀ ਦੇ ਪੈਣ ਵਾਲੇ ਪਭਾਵਾਂ ਅਤੇ ਰੋਕਥਾਮ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਇੰਜੀ. ਚੰਦਨ ਸ਼ਰਮਾ ਨੇ ਖੇਤੀਬਾੜੀ ਵਿਭਾਗ ਵਲੋਂ ਪਰਾਲੀ ਪ੍ਰਬੰਧਨ ਮਸ਼ੀਨਾਂ ਤੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਸਬੰਧੀ

ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਕਿਸਾਨਾਂ ਵਲੋਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿਚ ਹੀ ਵਾਹ ਕੇ ਰਲਾ ਦੇਣਾ ਚਾਹੀਦਾ ਹੈ, ਕਿਉਂਕਿ ਪਰਾਲੀ ਦੀ ਨਾੜ ਨੂੰ ਅੱਗ ਲਾਉਣ ਨਾਲ 80% ਛੋਟੇ ਤੱਤ ਨਸ਼ਟ ਹੋ ਜਾਂਦੇ ਹਨ।ਡਾ. ਅੱਛਰ ਸਿੰਘ ਨੇ ਪਸ਼ੂ ਪਾਲਣ ਵਿਭਾਗ ਵਲੋਂ ਪਸ਼ੂਆਂ ਦੀ ਸਾਂਭ ਸੰਭਾਲ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਮੈਡਮ ਪੂਨਮ ਰਾਣੀ ਸੀਨੀਅਰ ਮੱਛੀ ਪਾਲਣ ਅਫਸਰ ਵਲੋਂ ਮੱਛੀ ਪਾਲਣ ਵਿਭਾਗ ਦੀਆਂ ਸਕੀਮਾਂ ਬਾਰੇ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ । ਸ੍ਰੀ ਕ੍ਰਿਸ਼ਨ ਦੁੱਗਲ, ਭੂਮੀ ਅਤੇ ਪਾਣੀ ਸੰਭਾਲ ਵਿਭਾਗ ਵਲੋਂ ਪਾਣੀ ਦੀ ਸੰਭਾਲ ਸਬੰਧੀ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਡਾ. ਬਲਜੀਤ ਸਿੰਘ ਨੇ ਕਿਸਾਨਾਂ ਨੂੰ ਫਸਲਾਂ ਦੀਆਂ ਬੀਮਾਰੀਆਂ ਅਤੇ ਕੀੜਿਆਂ ਦੀ ਸਰਬਪੱਖੀ ਰੋਕਥਾਮ ਸਬੰਧੀ ਜਾਣਕਾਰੀ ਦਿੱਤੀ । ਸ੍ਰੀ ਸਤਵਿੰਦਰ ਸਿੰਘ, ਜਿਲ੍ਹਾ ਸੁਪਰਵਾਈਜਰ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਨੇ ਕਿਸਾਨਾਂ ਨੂੰ ਆਰਗੈਨਿਕ ਖੇਤੀ ਦੀ ਰਜਿਸਟਰੇਸ਼ਨ ਅਤੇ ਸਰਟੀਫਿਕੇਸ਼ਨ ਬਾਰੇ ਜਾਣਕਾਰੀ ਦਿੱਤੀ। ਡਾ. ਪਰਮਵੀਰ ਕੌਰ ਡੀ.ਪੀ.ਡੀ. ਨੇ ਆਤਮਾ ਸਕੀਮ ਅਧੀਨ ਕੀਤੀਆਂ ਜਾ ਰਹੀਆਂ ਐਕਟੀਵਿਟੀਜ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਤੇ ਯੋਗੇਸ਼ ਕੁਮਾਰ ਬੱਸੀ, ਰੀਤਾ ਰਾਣੀ ਅਤੇ ਖੇਤੀਬਾੜੀ ਤੇ ਆਤਮਾ ਸਕਮਿ ਦਾ ਸਮੂਹ ਸਟਾਫ ਮੌਜੂਦ ਸੀ। ਅਗਾਂਹਵਧੂ ਕਿਸਾਨ ਸ. ਸੁਰਜੀਤ ਸਿੰਘ ਰਾਏ ਨੇ ਵਾਤਾਵਰਣ ਸੰਭਾਲ ਅਤੇ ਕੁਦਰਤੀ ਖੇਤੀ ਸਬੰਧੀ ਕਵਿਤਾ ਪੇਸ਼ ਕੀਤੀ। ਇਸ ਗੋਸ਼ਟੀ ਵਿੱਚ ਸ. ਅਵਤਾਰ ਸਿੰਘ ਭੁੱਲਰ, ਸ. ਕਸ਼ਮੀਰ ਸਿੰਘ ਸਕੋਹਪੁਰ, ਸ. ਹਰਵਿੰਦਰ ਸਿੰਘ, ਸ੍ਰੀ ਅਮ੍ਰਿਤ ਲਾਲ, ਸ੍ਰੀ ਸ਼ਿੰਦਰਪਾਲ, ਸ੍ਰੀਮਤੀ ਕਮਲੇਸ਼ ਰਾਣੀ ਅਤੇ ਸ੍ਰੀਮਤੀ ਰੇਸ਼ਮ ਕੌਰ ਸਮੇਤ 50 ਤੋਂ ਵੱਧ ਅਗਾਂਹਵਧੂ ਕਿਸਾਨਾਂ ਨੇ ਭਾਗ ਲਿਆ।

ਹਲਕਾ ਬਲਾਚੌਰ ਵਿੱਚ ਵਿਕਾਸ ਦੀ ਲਹਿਰ

- **ਵਿਧਾਇਕਾ ਸੰਤੋਸ਼ ਕਟਾਰੀਆ ਨੇ ਸਹਿਬਾਜਪੁਰ ਦੀ ਸੜਕ ਦਾ ਕੀਤਾ ਕਾਇਆ-ਕਲਪ**
- **ਵਿਧਾਇਕ ਸੰਤੋਸ਼ ਕਟਾਰੀਆ ਨੇ ਪੂਰਾ ਕੀਤਾ ਵਾਅਦਾ: ਪਿੰਡ ਸਹਿਬਾਜ਼ਪੁਰ ਨੂੰ ਮਿਲੀ ਕੰਕਰੀਟ ਦੀ ਨਵੀਂ ਸੜਕ, ਲੋਕਾਂ ਨੇ ਜਤਾਇਆ ਆਭਾਰ*''''''**

ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ) ਹਲਕਾ ਬਲਾਚੌਰ ਦੇ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦਿੰਦਿਆਂ ਵਿਧਾਇਕਾਂ ਬੀਬੀ ਸੰਤੋਸ਼ ਕਟਾਰੀਆ ਦੇ ਯਤਨਾਂ ਸਦਕਾ ਪਿੰਡ ਸਹਿਬਾਜ਼ਪੁਰ ਦੇ ਨਿਵਾਸੀਆਂ ਦੀ ਮੰਗ ਪੂਰੀ ਹੋ ਗਈ ਹੈ। ਸਿੰਘਪੁਰ ਭੱਦੀ ਰੋਡ ਤੋਂ ਪਿੰਡ ਸਹਿਬਾਜ਼ਪੁਰ ਤੱਕ ਨਵੀਂ ਕੰਕਰੀਟ ਦੀ ਸੜਕ ਦਾ ਨਿਰਮਾਣ ਮੁਕੰਮਲ ਹੋਣ ਨਾਲ ਇਲਾਕੇ ਅਤੇ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਸਰਪੰਚ ਬੇਬੀ ਰਾਣੀ ਅਤੇ ਪਿੰਡ ਵਾਸੀਆਂ ਨੇ ਦੱਸਿਆਂ ਕਿ ਇਹ ਸੜਕ ਲੰਬੇ ਸਮੇਂ ਤੋਂ ਬੇਹੱਦ ਖਸਤਾ ਹਾਲਤ ਵਿੱਚ ਸੀ। ਬਾਰਿਸ਼ ਦੇ ਦਿਨਾਂ ਵਿੱਚ ਇੱਥੇ ਚਿੱਕੜ ਅਤੇ ਖੱਡਿਆਂ ਕਾਰਨ ਰਾਹਗੀਰਾਂ ਅਤੇ ਪਿੰਡ ਵਾਸੀਆਂ ਨੂੰ ਆਉਣ-ਜਾਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਵਿਧਾਇਕਾਂ ਬੀਬੀ

ਸੰਤੋਸ਼ ਕਟਾਰੀਆ ਨੇ ਲੋਕਾਂ ਦੀ ਇਸ ਮੰਗ ਨੂੰ ਸਮਝਦੇ ਹੋਏ ਰਿਕਾਰਡ ਸਮੇਂ ਵਿੱਚ ਕੰਕਰੀਟ ਦੀ ਮਜ਼ਬੂਤ ਸੜਕ ਤਿਆਰ ਕਰਵਾਈ ਹੈ। ਸੜਕ ਬਣਨ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਪਿੰਡ ਦੇ ਮੋਹਤਬਰਾਂ ਨੇ ਕਿਹਾ ਕਿ "ਪਹਿਲਾਂ ਇਸ ਰਸਤੇ 'ਤੇ ਪੈਦਲ ਚੱਲਣਾ ਵੀ ਦੁਭਰ ਸੀ, ਪਰ ਹੁਣ ਕੰਕਰੀਟ ਦੀ ਸੜਕ ਬਣਨ ਨਾਲ ਇਹ ਰਸਤਾ ਕਾਫੀ ਮਜ਼ਬੂਤ ਹੋ ਗਿਆ ਹੈ। ਵਿਧਾਇਕਾ ਜੀ ਨੇ ਆਪਣਾ ਵਾਅਦਾ ਪੂਰਾ ਕਰਕੇ ਪਿੰਡ ਨੂੰ ਵੱਡੀ ਸੌਗਾਤ ਦਿੱਤੀ ਹੈ। ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਹਲਕਾ ਵਿਧਾਇਕਾਂ ਦੀ ਅਗਵਾਈ ਹੇਠ ਬਲਾਚੌਰ ਵਿੱਚ ਵਿਕਾਸ ਦੀ ਇਹ ਹਨੇਰੀ ਇਸੇ ਤਰ੍ਹਾਂ ਜਾਰੀ ਰਹੇਗੀ।

ਵਿਧਾਨ ਸਭਾ ਹਲਕਾ ਬਲਾਚੌਰ ਤੋਂ 2027 ਚੋਣਾਂ ਲਈ ਟਿਕਟ ਦੀ ਰੇਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਪ੍ਰੀਤ ਗੁੱਜਰ ਸਭ ਤੋਂ ਅੱਗੇ

ਪਾਰਟੀ ਦਾ ਹਰ ਹੁਕਮ ਖਿੜੇ ਮੱਥੇ ਸਵੀਕਾਰ ਕਰਾਂਗੇ

ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ) ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇਮਨਾਦਾਰ ਮਿਹਨਤੀ ਅਤੇ ਹਮੇਸ਼ਾ ਲੋਕਾਂ ਦੇ ਕੰਮ ਆਉਣ ਵਾਲੇ ਆਗੂ ਪਾਰਟੀ ਦੇ ਵਫ਼ਾਦਾਰ ਸਿਪਾਹੀ ਗੁਰਪ੍ਰੀਤ ਗੁੱਜਰ ਰੈਲਮਾਜਰਾ ਵਲੋਂ 2027 ਦੀਆਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵਲੋਂ ਟਿਕਟ ਦੇ ਰੇਸ ਵਿੱਚ ਸਭ ਤੋਂ ਅੱਗੇ ਹੋ ਕੇ ਦਾਵੇਦਾਰੀ ਠੋਕੀ ਹੈ । ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੋ ਵੀ ਫੈਸਲਾ ਲੈਣਗੇ ਉਹ ਸਿਰਮੱਥੇ ਕਬੂਲ ਕੀਤਾ ਜਾਵੇਗਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾਉਣ ਵਿੱਚ ਕੋਈ ਕਸਰ ਬਾਕੀ ਨਹੀ ਛੱਡੀ ਜਾਵੇਗੀ। ਇੱਥੇ ਵਰਨਣਯੋਗ ਹੈ ਕਿ ਗੁਰਪ੍ਰੀਤ ਗੁੱਜਰ ਰੈਲਮਾਜਰਾ ਜੋ ਕਿ ਸਾਬਕਾ ਲੋਕ ਸਭਾ ਮੈਂਬਰ ਹਲਕਾ ਸ੍ਰੀ ਆਨੰਦਪੁਰ ਸਾਹਿਬ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਬਹੁਤ ਹੀ ਕਰੀਬੀ ਸਨ।ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਚੰਦੂਮਾਜਰਾ ਦੀ ਸਾਂਝ ਛੱਡ ਕੇ ਚਟਾਨ ਵਾਂਗ ਸੁਖਬੀਰ ਸਿੰਘ ਬਾਦਲ ਨਾਲ ਖੜ੍ਹ ਗਏ। ਜਿਸ ਕਰਕੇ ਗੁਰਪ੍ਰੀਤ ਗੁੱਜਰ ਦਾ ਸਮੁੱਚੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਵਰਕਰਾਂ ਵਿੱਚ ਅਧਾਰ ਹੋਰ ਵੀ ਮਜਬੂਤ ਹੋ ਗਿਆ । ਉਨ੍ਹਾਂ ਨੇ ਕਿਹਾ ਕਿ ਸਮੇਂ ਸਮੇਂ ਤੇ ਜਦੋਂ ਵੀ ਪਾਰਟੀ ਵਲੋਂ ਕੋਈ ਵੀ ਜਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਜਾਦੀ ਉਹ ਪੂਰੀ ਇਮਾਨਦਾਰੀ ਤੇ ਵਫਾਦਾਰੀ ਨਾਲ ਨਿਭਾਉਣ ਵਿੱਚ ਹਮੇਸ਼ਾ ਤੱਤਪਰ ਰਹਿੰਦੇ । ਬੇਸ਼ਕ ਹੜ੍ਹਾਂ ਦੀ ਮਾਰ ਵੇਲੇ ਵੀ ਉਨ੍ਹਾਂ ਨੂੰ ਪਾਰਟੀ ਹਾਈਕਮਾਂਡ ਵਲੋਂ ਜੋ ਵੀ ਹੁਕਮ ਆਇਆਂ ਉਨਾ ਨੇ ਉਸ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਜਿਸ ਨਾਲ ਲੋਕਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਅਧਾਰ ਵਧਿਆ ਹੈ। ਉਹੋ ਪਿਛਲੇ ਲੰਮੇ ਸਮੇਂ ਤੋਂ ਸਵਰਗੀ ਚੌਧਰੀ ਨੰਦ ਲਾਲ ਦੇ ਪਰਿਵਾਰ ਨਾਲ ਜੁੜ ਕੇ ਸ਼੍ਰੋਮਣੀ ਅਕਾਲੀ ਦਲ ਦੀ ਲੰਮੇ ਸਮੇਂ ਤੋਂ ਸੇਵਾ ਕਰਦੇ ਹਨ ਤੇ ਉਨ੍ਹਾਂ ਕਿਹਾ ਅੱਗੇ ਤੋਂ ਵੀ ਸੇਵਾ ਵਿੱਚ ਸ਼ਾਮਿਲ ਰਹਿਣਗੇ । ਉਨ੍ਹਾਂ ਕਿਹਾ ਕਿ ਪਾਰਟੀ ਸੁਪਰੀਮੋ ਆਉਣ ਵਾਲੇ ਵਿਧਾਨ ਸਭਾ ਚੋਣਾਂ ਵਿੱਚ ਜੋ ਵੀ ਜਿੰਮੇਵਾਰੀ ਲਗਾਉਣਗੇ ਉਸਨੂੰ ਖਿੜੇ ਮੱਥੇ ਸਵੀਕਾਰ ਕਰਨਗੇ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲਿਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਰੀ ਲੀਡ ਨਾਲ ਜਿੱਤ ਹਾਸਿਲ ਕਰਵਾਕੇ ਨਵਾਂ ਇਤਿਹਾਸ ਰਚਨਗੇ ।

ਸਿਹਤ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਕੇ.ਐਨ. ਅਹੂਜਾ ਨੂੰ ਸ਼ਰਧਾਂਜਲੀਆਂ ਭੇਂਟ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸਾਬਕਾ ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾ. ਕੇ.ਐਨ ਅਹੂਜਾ ਜਿਨ੍ਹਾਂ ਦਾ ਬੀਤੇ ਦਿਨੀ ਦਿਹਾਂਤ ਹੋ ਗਿਆ ਸੀ । ਉਨ੍ਹਾਂ ਦੇ ਨਮਿੱਤ ਸਿੰਘ ਸਭਾ ਗੁਰਦੁਆਰਾ ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਪਾਠ ਦੇ ਭੋਗ ਪਾਇਆ ਗਿਆ ਅਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ । ਇਸ ਮੌਕੇ ਸਿੰਘ ਸਭਾ ਗੁਰਦੁਆਰਾ ਰੇਲਵੇ ਰੋਡ, ਹੁਸ਼ਿਆਰਪੁਰ ਦੇ ਕੀਰਤਨੀ ਜਥਿਆਂ ਵੱਲੋਂ ਵੈਰਾਗਮਈ ਕੀਰਤਨ ਕੀਤੇ ਗਏ । ਇਸ ਮੌਕੇ 'ਤੇ ਡਾ. ਅਜੇ ਕੁਮਾਰ ਬੱਗਾ ਅਤੇ ਹੋਰ ਵੱਖ-ਵੱਖ ਬੁਲਾਰਿਆ ਵੱਲੋਂ ਵਿਛੜੀ ਰੂਹ ਡਾ. ਕੇ.ਐਨ. ਅਹੂਜਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ । ਉਹਨਾਂ ਨੇ ਕਿਹਾ ਕਿ ਉਹ ਬਹੁਤ ਹੀ ਮਿਲਨਸਾਰ, ਨੇਕ ਦਿਲ, ਮਿੱਠੇ ਸੁਭਾਅ ਵਾਲੇ ਅਤੇ ਆਮ ਲੋਕਾਂ ਦੇ ਕੰਮ ਆਉਣ ਵਾਲੀ ਸਖ਼ਸ਼ੀਅਤ ਸਨ । ਉਨ੍ਹਾਂ ਦੇ ਦਿਹਾਂਤ ਨਾਲ ਅਹੂਜਾ ਅਤੇ ਸੇਠੀ ਪਰਿਵਾਰ, ਸਗੇ-ਸਬੰਧੀਆਂ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਇਸ ਮੌਕੇ 'ਤੇ ਪੰਜਾਬ ਮੇਨਟੀਨੈਂਸ ਅਤੇ ਵੈਲਫੇਅਰ ਆਫ ਪੈਰੇਂਟਸ ਅਤੇ ਸੀਨੀਅਰ ਸਿਟੀਜ਼ਨਸ ਕਮੇਟੀ ਹੁਸ਼ਿਆਰਪੁਰ ਦੇ ਮੈਂਬਰ ਜਰਨੈਲ ਸਿੰਘ ਧੀਰ ਸਟੇਟ ਅਵਾਰਡੀ, ਰੋਟਰੀ ਕੱਲਬ ਹੁਸ਼ਿਆਰਪੁਰ ਸੈਂਟਰਲ ਦੇ ਵਾਇਸ ਪ੍ਰਧਾਨ ਨਰੇਸ਼ ਕੁਮਾਰ ਹਾਂਡਾ, ਭਾਰਤੀਆ ਵਿਕਲਾਂਗ ਕੱਲਬ ਪੰਜਾਬ ਹੁਸ਼ਿਆਰਪੁਰ ਦੇ ਪ੍ਰਧਾਨ ਮਨਜੀਤ ਸਿੰਘ ਲੱਕੀ ਅਤੇ ਏਕ ਜੋਤ ਸੇਵਾ ਸੰਮਤੀ ਜਗਤਪੁਰਾ ਹੁਸ਼ਿਆਰਪੁਰ ਦੇ ਸਰਪ੍ਰਸਤ ਕੁਲਦੀਪ ਸਿੰਘ ਪੱਤੀ ਸਟੇਟ ਅਵਾਰਡੀ ਵੱਲੋਂ ਸ਼ੋਕ-ਸੰਦੇਸ਼ ਭੇਜੇ ਗਏ । ਇਸ ਮੌਕੇ 'ਤੇ ਡਾ. ਸੱਤਪਾਲ ਅਹੂਜਾ, ਡਾ. ਸਵਰਨ ਅਹੂਜਾ, ਡਾ. ਸੌਰਭ ਅਹੂਜਾ, ਮੇਹਰ ਅਹੂਜਾ, ਡਾ. ਕਾਂਤਾ ਅਹੂਜਾ, ਡਾ. ਸ਼ਾਰਧਾ ਸਿਧੂ, ਡਾ. ਗੀਤਾ ਮਲਹੋਤਰਾ, ਡਾ. ਸੁਰੇਸ਼ ਕੁਮਾਰ ਮਲਹੋਤਰਾ, ਡਾ. ਸੁਨੈਨਾ ਅਹੂਜਾ, ਦੀਪਤੀ ਅਹੂਜਾ, ਅਜੀਤ ਅਖਬਾਰ ਦੇ ਸੀਨੀਅਰ ਪੱਤਰਕਾਰ ਹਰਪ੍ਰੀਤ ਕੌਰ, ਰੋਟਰੀ ਕੱਲਬ ਹੁਸ਼ਿਆਰਪੁਰ ਮੇਨ ਤੋਂ ਉੱਘੇ ਸਮਾਜ ਸੇਵਕ ਜੇ.ਐਸ. ਬਾਵਾ, ਡਾ. ਜੇ.ਐਸ.ਦਰਦੀ, ਡਾ. ਡੀ.ਵੀ. ਸਲਵਾਨ, ਡਾ. ਬੀ.ਕੇ ਕਪਲਾ, ਡਾ. ਓ.ਪੀ. ਮਿੱਤਲ, ਡਾ. ਨਵਦੀਪ ਸੈਣੀ, ਡਾ. ਕਰਨ ਚਾਵਲਾ, ਡਾ. ਸਤਨਾਮ ਸਿੰਘ ਪੀ.ਜੀ.ਆਈ.ਚੰਡੀਗੜ੍ਹ, ਡਾ. ਅਨਿਲ ਤਨੇਜਾ, ਡਾ. ਪੀ.ਕੇ. ਸਾਹਾ, ਡਾ. ਭੱਟੀ, ਡਾ. ਰਮੇਸ਼ ਨੰਦਾ, ਡਾ. ਅਵਨੀਸ਼ ਸੂਦ, ਤੇਜਪਾਲ ਸਿੰਘ, ਪਰਦੀਪ ਕੁਮਾਰ ਤੋ ਇਲਾਵਾ ਵੱਡੀ ਗਿਣਤੀ ਵਿੱਚ ਉੱਘੀਆ ਸਖ਼ਸ਼ੀਅਤਾ ਹਾਜ਼ਿਰ ਸਨ । ਸਟੇਜ ਸੱਕਤਰ ਦੀ ਭੂਮਿਕਾ ਡਾ. ਅਜੇ ਕੁਮਾਰ ਬੱਗਾ ਵੱਲੋਂ ਨਿਭਾਈ ਗਈ ।

ਯੂਨੀਵਰਸਿਟੀ ਕਾਲਜ ਬਰਨਾਲਾ ਵਿਖੇ ਸ਼੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ

ਸਥਾਨਕ ਯੂਨੀਵਰਸਿਟੀ ਕਾਲਜ ਬਰਨਾਲਾ ਵਿਖੇ ਅੱਜ ਮਿਤੀ 18 ਫਰਵਰੀ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਇੰਚਾਰਜ ਡਾਕਟਰ ਵਿਭਾ ਅਗਰਵਾਲ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਚੜ੍ਹਦੀ ਕਲਾ, ਕਾਲਜ ਵਿੱਚ ਸੁੱਖ ਸਾਂਤੀ ਤੇ ਕਾਲਜ ਦੀ ਬਿਹਤਰੀ ਲਈ ਗੁਰੂ ਸਾਹਿਬ ਦਾ ਓਟ ਆਸਰਾ ਲੈਂਦੇ ਹੋਏ ਵਿੱਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ । ਉਹਨਾਂ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਦੱਸਿਆ ਕਿ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਚਰਨ ਯੂਨੀਵਰਸਿਟੀ ਕਾਲਜ ਬਰਨ-ਲਾ ਦੇ ਵਿਹੜੇ ਵਿੱਚ ਪਏ। ਵਿਦਿਆਰਥੀਆਂ ਨੂੰ ਇਸ ਦਿਨ ਦਾ ਬੇਸਬਰੀ ਨਾਲ਼ ਇੰਤਜ਼ਾਰ ਸੀ। ਅੱਜ ਉਹਨਾਂ ਦਾ ਇਹ ਇੰਤਜ਼ਾਰ ਖ਼ਤਮ ਹੋਇਆ। ਵਿਦਿਆਰਥੀਆਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਬੜੀ ਸ਼ਰਧਾ ਭਾਵਨਾ ਦੇ ਨਾਲ ਸੁਣਿਆ ਅਤੇ ਇਲਾਹੀ ਕੀਰਤਨ ਦਾ ਆਨੰਦ ਮਾਣਿਆ। ਉਹਨਾਂ ਨੇ ਦੱਸਿਆ ਕਿ ਕਾਲਜ ਦੇ ਸਮੂਹ ਵਿਦਿਆਰਥੀ ਅਤੇ ਪ੍ਰੋਫੈਸਰ ਸਾਹਿਬਾਨ ਪਿਛਲੇ ਕਈ ਦਿਨਾਂ ਤੋਂ ਬੜੀ ਸ਼ਰਧਾ ਭਾਵਨਾ ਦੇ ਨਾਲ਼ ਸੇਵਾ ਕਾਰਜਾਂ ਵਿੱਚ ਜੁਟੇ ਹੋਏ ਸਨ। ਕਾਲਜ ਦੇ ਅੱਠ ਸੋ ਵਿਦਿਆਰਥੀ ਅਤੇ ਬਾਹਰੋਂ ਆਏ ਪਤਵੰਤੇ ਸੱਜਣ ਗੁਰੂ ਸਾਹਿਬ ਅੱਗੇ ਨਤਮਸਤਕ ਹੋਏ। ਪਾਠ ਦੇ ਭੋਗ ਉਪਰੰਤ ਇਲਾਕੇ ਦੀਆਂ ਨਾਮਵਰ ਸ਼ਖਸ਼ੀਅਤਾਂ ਸੁਰਜੀਤ ਸਿੰਘ, ਗੁਰਮੇਲ ਸਿੰਘ , ਜਰਨੈਲ ਸਿੰਘ,ਸੰਜੀਵ ਕੁਮਾਰ, ਸੁਖਜੀਤ ਦਾਸ ,ਦਵਿੰਦਰ ਸਿੰਘ,ਰਾਜਿੰਦਰ ਸਿੰਘ ,, ਜਸਵੀਰ ਸਿੰਘ ਜੱਸੀ,ਧਰਮਿੰਦਰ ਸਿੰਘ (ਸੈਂਟੀ) M.C. ਬਰਨਾਲਾ ਸੰਧੂ ਪੱਤੀ,ਭੁਪਿੰਦਰ ਸਿੰਘ M.C. ਸੰਧੂ ਪੱਤੀ,ਜਸਬੀਰ ਸਿੰਘ, ਸੋਨੀ ਜਾਂਗਲ , ਦਵਿੰਦਰ ਸਿੰਘ, ਗੁਰਮੀਤ ਸਿੰਘ, ਸੰਜੀਵ ਕੁਮਾਰ, ਉਮੇਸ਼ਵਰੀ ਸ਼ਰਮਾ, ਜਗਜੀਤ ਸਿੰਘ, ਹਰਬਖਸ਼ ਸਿੰਘ, ਕ੍ਰਿਸ਼ਨ ਸਿੰਘ, ਬਿੰਦਰ ਸਿੰਘ ਸੰਧੂ, ਜਸਵੰਤ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦੀ ਜ਼ਿੰਮੇਵਾਰੀ ਡਾ. ਸੁਖਰਾਜ ਸਿੰਘ ਅਤੇ ਡਾ. ਰਾਮਪਾਲ ਸਿੰਘ ਨੇ ਮਿਲ ਕੇ ਸਾਂਭੀ। ਵਿਦਿਆਰਥੀਆਂ ਨੇ ਬੜੀ ਸ਼ਰਧਾ ਭਾਵਨਾ ਦੇ ਨਾਲ ਲੰਗਰ ਤਿਆਰ ਕੀਤੇ ਅਤੇ ਬੜੇ ਸਲੀਕੇ ਦੇ ਨਾਲ਼ ਲੰਗਰ ਛਕਿਆ। ਕਾਲਜ ਦੇ ਸਮੂਹ ਪ੍ਰੋਫੈਸਰ ਸਾਹਿਬਾਨ ਨੇ ਲਗਾਈਆਂ ਗਈਆਂ ਡਿਊਟੀਆਂ ਨੂੰ ਬੜੀ ਤਨਦੇਹੀ ਨਾਲ਼ ਨਿਭਾਈਆਂ। ਉਨਾਂ ਨੇ ਸਮੂਹ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੇ ਸ਼ੁਭ ਕਾਰਜਾਂ ਨਾਲ ਵਿਦਿਆਰਥੀਆਂ ਅੰਦਰ ਸਰਬੱਤ ਦੇ ਭਲੇ ਦੀ ਭਾਵਨਾ ਪੈਦਾ ਹੁੰਦੀ ਹੈ। ਸਮੇਂ-ਸਮੇਂ ਅਸੀਂ ਗੁਰੂ ਸਾਹਿਬ ਦੀ ਅਗਵਾਈ ਅਤੇ ਓਟ ਆਸਰਾ ਲੈਂਦੇ ਰਹਾਂਗੇ।

ਵਿਧਾਇਕ ਦੀ ਇਕ ਸਵੇਰ – ਚੈਂਪੀਅਨ ਬੱਚੀਆਂ ਦਾ ਸਨਮਾਨ, ਸੰਵਾਦ ਤੇ ਸੁਪਨਿਆਂ ਨੂੰ ਉਡਾਨ

ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕੁੜੀਆਂ ਦੀ ਜੇਤੂ ਫੁੱਟਬਾਲ ਟੀਮ ਨਾਲ ਬਿਤਾਇਆ ਯਾਦਗਾਰ ਸਮਾਂ

ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) ਲੁਧਿਆਣਾ ਵਿੱਚ ਆਯੋਜਿਤ 45ਵੇਂ ਅੰਤਰ ਜ਼ਿਲ੍ਹਾ ਪ੍ਰਾਇਮਰੀ ਫੁੱਟਬਾਲ ਟੂਰਨਾਮੈਂਟ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੀ ਕੁੜੀਆਂ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਜਿੱਤ ਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਸ ਮਹਾਨ ਉਪਲਬਧੀ 'ਤੇ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਖਿਡਾਰੀਆਂ ਨੂੰ ਆਪਣੇ ਨਿਵਾਸ ਸਥਾਨ 'ਤੇ ਸੱਦਾ ਦੇ ਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ, ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਚਮਕਦਾਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਪਣੀ ਪੂਰੀ ਸਵੇਰ ਇਹਨਾਂ ਚੈਮਪੀਅਨ ਬੱਚਿਆਂ ਨਾਲ ਬਿਤਾਈ। ਜਿੱਤ ਦੀ ਖੁਸ਼ੀ ਮਨਾਉਂਦਿਆਂ ਉਨ੍ਹਾਂ ਵੱਲੋਂ ਬੱਚਿਆਂ ਨੂੰ ਵਿਸ਼ੇਸ਼ ਬ੍ਰੇਕਫਾਸਟ ਟ੍ਰੀਟ ਦਿੱਤੀ ਗਈ। ਉਨ੍ਹਾਂ ਬੱਚਿਆਂ ਨੂੰ ਮਿਹਨਤ, ਅਨੁਸ਼ਾਸਨ ਅਤੇ ਖੇਡ ਭਾਵਨਾ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਖਿਡਾਰੀਆਂ ਨੇ ਵੀ ਵਿਧਾਇਕ ਨਾਲ ਸਮਾਂ ਬਿਤਾ ਕੇ ਨਵਾਂ ਉਤਸ਼ਾਹ ਅਤੇ ਜੋਸ਼ ਮਹਿਸੂਸ ਕੀਤਾ। ਵਿਧਾਇਕ ਨੇ ਕਿਹਾ ਕਿ ਬੱਚਿਆਂ ਨਾਲ ਸਮਾਂ ਬਿਤਾ ਕੇ ਉਨ੍ਹਾਂ ਨੂੰ ਵੀ ਸਕਾਰਾਤਮਕ ਊਰਜਾ ਪ੍ਰਾਪਤ ਹੋਈ। ਉਨ੍ਹਾਂ ਕਿਹਾ ਕਿ ਰਾਜ ਪੱਧਰੀ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣਾ ਪੂਰੇ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ। ਇਸ ਉਪਲਬਧੀ ਲਈ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ, ਖੇਡ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਵਧਾਈ ਦਿੱਤੀ। ਵਿਧਾਇਕ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਯਤਨਾਂ ਨਾਲ ਪੰਜਾਬ ਵਿੱਚ ਖੇਡ ਗਤੀਵਿਧੀਆਂ ਨੂੰ ਨਵੀਂ ਰਫ਼ਤਾਰ ਮਿਲੀ ਹੈ, ਖਾਸ ਕਰਕੇ ਕੁੜੀਆਂ ਦੀ ਭਾਗੀਦਾਰੀ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿੱਚ 9 ਕਰੋੜ ਰੁਪਏ ਤੋਂ ਵੱਧ ਦੀ ਗ੍ਰਾਂਟ ਖੇਡ ਮੈਦਾਨਾਂ ਅਤੇ ਸਟੇਡੀਅਮਾਂ ਲਈ ਜਾਰੀ ਕੀਤੀ ਗਈ ਹੈ। ਇਸ ਨਾਲ ਨੌਜਵਾਨਾਂ ਨੂੰ ਬਿਹਤਰ ਟ੍ਰੇਨਿੰਗ ਅਤੇ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲੇਗਾ । ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਅਸੀਂ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣ ਲਈ ਵਚਨਬੱਧ ਹਾਂ। ਜ਼ਿਲ੍ਹਾ ਸਿੱਖਿਆ ਅਫਸਰ ਹਰਜਿੰਦਰ ਕੌਰ ਨੇ ਵੀ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਉਨ੍ਹਾਂ ਦੀ ਮਿਹਨਤ, ਕੋਚਾਂ ਦੇ ਮਾਰਗਦਰਸ਼ਨ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸਿੱਖਿਆ ਵਿਭਾਗ ਖੇਡ ਪ੍ਰਤਿਭਾਵਾਂ ਨੂੰ ਅੱਗੇ ਵਧਾਉਣ ਲਈ ਲਗਾਤਾਰ ਸਹਿਯੋਗ ਦਿੰਦਾ ਰਹੇਗਾ। ਉਨ੍ਹਾਂ ਕਿਹਾ ਕਿ ਜੇਤੂ ਟੀਮ ਦੇ ਸਨਮਾਨ ਵਿੱਚ ਕੀਤਾ ਗਿਆ ਇਹ ਸਮਾਗਮ ਬੱਚਿਆਂ ਲਈ ਬਹੁਤ ਪ੍ਰੇਰਣਾਦਾਇਕ ਸਾਬਤ ਹੋਇਆ ਹੈ, ਜਿਸ ਨਾਲ ਉਨ੍ਹਾਂ ਦਾ ਮਨੋਬਲ ਹੋਰ ਵੀ ਉੱਚਾ ਹੋਇਆ ਹੈ।

ਪ੍ਰੇਮਿਕਾ ਦੀ ਹੱਤਿਆ ਕਰਨ ਵਾਲੇ ਨੂੰ ਉਮਰ ਕੈਦ ਦੀ ਸਜ਼ਾ

ਵੈਨਕੂਵਰ, (ਮਲਕੀਤ ਸਿੰਘ) – ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਬਰਨਾਬੀ ਸ਼ਹਿਰ ਵਿੱਚ ਸਥਿਤ ਮੈਟਰੋਟਾਊਨ ਮਾਲ ਵਿੱਚ ਆਪਣੀ ਪ੍ਰੇਮਿਕਾ ਦੀ ਨਿਰਦਈ ਹੱਤਿਆ ਕਰਨ ਦੇ ਮਾਮਲੇ ਵਿੱਚ ਦੋਸ਼ੀ ਵਿਅਕਤੀ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਪ੍ਰਾਪਤ ਵੇਰਵਿਆ ਮੁਤਾਬਕ ਉੱਤਰੀ ਵੈਨਕੂਵਰ ਦੀ ਰਹਿਣ ਵਾਲੀ 25 ਸਾਲਾ ਮੇਲਿਸਾ ਬਲਿੰਕੀ ਦੀ ਦਸੰਬਰ 2021 ਵਿੱਚ ਉਸਦੇ ਪ੍ਰੇਮੀ ਵੱਲੋਂ ਐਵਰਟਨ ਡਾਊਨੀ ਵੱਲੋਂ ਹੱਤਿਆ ਕਰ ਦਿੱਤੀ ਗਈ ਸੀ। ਇਹ ਘਟਨਾ ਭੀੜਭਾੜ ਵਾਲੇ ਮੈਟਰੋਟਾਊਨ ਮਾਲ ਵਿੱਚ ਵਾਪਰੀ ਸੀ, ਜਿਸ ਨਾਲ ਪੂਰੇ ਸੂਬੇ ਵਿੱਚ ਸਨਸਨੀ ਫੈਲ ਗਈ ਸੀ।ਅਦਾਲਤ ਵਿੱਚ ਸੁਣਵਾਈ ਦੌਰਾਨ ਪ੍ਰੋਸੀਕਿਊਸ਼ਨ ਵੱਲੋਂ ਦਲੀਲ ਦਿੱਤੀ ਗਈ ਕਿ ਦੋਸ਼ੀ ਨੇ ਪਹਿਲਾਂ ਤੋਂ ਘੜੀ ਯੋਜਨਾ ਅਨੁਸਾਰ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਮਾਮਲੇ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦਿਆਂ ਮਾਨਯੋਗ ਅਦਾਲਤ ਵੱਲੋਂ ਦੋਸ਼ੀ ਨੂੰ ਉਮਰ ਭਰ ਲਈ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਗਿਆ।

ਮਹਿਲਾ ਅਧਿਕਾਰ ਸੰਸਥਾਵਾਂ ਅਤੇ ਸਮਾਜਿਕ ਕਾਰਕੁਨਾਂ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਇਨਸਾਫ਼ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਪਿੰਡ ਚਾਹਲ ਜੱਟਾਂ ਸਮਰਪਣ ਭਾਵਨਾ ਨਾਲ ਪਿੰਡ ਦੀ ਨੁਹਾਰ ਬਦਲਣ ਲਈ ਯਤਨਸ਼ੀਲ

ਦਹਾਕਿਆਂ ਪੁਰਾਣੀ ਗੰਦੇ ਪਾਣੀ ਦੀ ਸਮੱਸਿਆ ਦਾ ਕੀਤਾ ਹੱਲ

ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰਪਾਲ ਸਿੰਘ ਕਲੇਰ) ਹਿੰਮਤ ਅਤੇ ਸ਼ੌਂਕ ਰੱਖਣ ਵਾਲਾ ਵਿਅਕਤੀ ਜ਼ਿੰਦਗੀ ਦੇ ਹਰ ਮੁਸ਼ਕਿਲ ਕੰਮ ਨੂੰ ਵੀ ਆਸਾਨੀ ਨਾਲ ਕਰ ਲੈਂਦਾ ਹੈ ਅਤੇ ਅਜਿਹਾ ਵਿਅਕਤੀ ਸੰਕਲਪਾਂ/ ਵਿਕਲਪਾਂ ਦੇ ਚੱਕਰਾਂ ਵਿੱਚ ਨਹੀਂ ਪੈਂਦਾ। ਅਜਿਹੇ ਹੀ ਸੋਚ ਅਤੇ ਸਮਰਪਣ ਭਾਵਨਾ ਰੱਖਦੇ ਹੋਏ ਪਿੰਡ ਚਾਹਲ ਜੱਟਾਂ ਦੇ ਸਰਪੰਚ ਐਕਸ ਸਰਵਿਸਮੈਨ ਹਰਵਿੰਦਰ ਸਿੰਘ ਪਿੰਡ ਦੀ ਨੁਹਾਰ ਬਦਲਣ ਲਈ ਲਗਾਤਾਰ ਯਤਨਸ਼ੀਲ ਹਨ। ਸਰਪੰਚ ਹਰਵਿੰਦਰ ਸਿੰਘ ਨੇ ਸੱਭ ਤੋਂ ਪਹਿਲਾਂ ਪਿੰਡ ਦੇ ਗੰਦੇ ਪਾਣੀ ਦੇ ਛੱਪੜ ਜੋ ਕਿ ਗੰਦਗੀ ਨਾਲ ਭਰਿਆ ਹੋਇਆ ਸੀ ਅਤੇ ਇੱਕ ਤਰ੍ਹਾਂ ਨਾਲ ਬੰਦ ਹੀ ਪਿਆ ਸੀ ਦੀ ਚੰਗੀ ਤਰ੍ਹਾਂ ਸਫਾਈ ਕਰਵਾ ਕੇ ਡੂੰਘਾ ਕਰਵਾਇਆ ਅਤੇ ਫਿਰ ਉਸ ਦੇ ਆਲੇ-ਦੁਆਲੇ ਜਾਲ ਲਗਵਾਇਆ। ਇਸ ਤੋਂ ਬਾਅਦ ਉਹਨਾਂ ਬੀਤੇ ਕਈ ਦਹਾਕਿਆਂ ਤੋਂ ਸੜਕ ਅਤੇ ਗਲੀ ਵਿੱਚ ਜਮ੍ਹਾਂ ਰਹਿੰਦੇ ਗੰਦੇ ਪਾਣੀ ਦਾ ਹੱਲ ਕਰਵਾਇਆ ਅਤੇ ਉਸ ਗੰਦੇ ਪਾਣੀ ਦੀ ਨਿਕਾਸੀ ਛੱਪੜ ਵੱਲ ਕਰਵਾ ਕੇ ਨੀਵੀਂ ਜਗ੍ਹਾ 'ਤੇ ਮਿੱਟੀ ਆਦਿ ਪਵਾਈ ਅਤੇ ਫਿਰ ਉਸ ਨੂੰ ਕੰਕਰੀਟ ਦੀ ਪੱਕੀ ਕਰਵਾਇਆ। ਇਸ ਗੰਦੇ ਪਾਣੀ ਨਾਲ ਜਿੱਥੇ ਲੋਕ ਹਰ ਸਮੇਂ ਗੰਦਗੀ ਵਾਲੇ ਮਾਹੌਲ ਵਿੱਚ ਜੀਅ ਰਹੇ ਸਨ ਉਥੇ ਹੀ ਉਹਨਾਂ ਦੇ ਮਕਾਨਾਂ ਦੀਆਂ ਦੀਵਾਰਾਂ ਨੂੰ ਵੀ ਨੁਕਸਾਨ ਹੋ ਰਿਹਾ ਸੀ। ਇਸ ਗੰਦੇ ਪਾਣੀ ਦੇ ਹੱਲ ਲਈ ਲੋਕ ਸਬੰਧਤ ਵਿਭਾਗਾਂ ਦੇ ਉਚ ਅਧਿਕਾਰੀਆਂ ਤੇ ਥਾਣੇ ਤੱਕ ਵੀ ਪਹੁੰਚ ਕਰਦੇ ਰਹੇ ਹਨ।

ਪਿੰਡ ਦੇ ਵਿਕਾਸ ਨੂੰ ਲੈ ਕੇ ਗੱਲਬਾਤ ਕਰਦੇ ਹੋਏ ਸਰਪੰਚ ਹਰਵਿੰਦਰ ਸਿੰਘ ਪਿੰਡ ਚਾਹਲ ਜੱਟਾਂ 'ਚ ਪੰਚਾਇਤ ਵੱਲੋਂ ਬਣਾਈ ਗਈ ਪਾਰਕ ਵਿੱਚ ਲੱਗੇ ਝੂਲਿਆਂ ਦਾ ਦ੍ਰਿਸ਼। ਸਫਾਈ ਤੋਂ ਬਾਅਦ ਛੱਪੜ ਦੇ ਆਲੇ ਦੁਆਲੇ ਲਗਾਏ ਗਏ ਜਾਲ ਦੀ ਤਸਵੀਰ।

ਗੰਦੇ ਪਾਣੀ ਦੇ ਸੁਚੱਜੇ ਨਿਕਾਸ ਲਈ ਸਰਪੰਚ ਵੱਲੋਂ ਖਸਤਾ ਹਾਲ ਨਿਕਾਸੀ ਨਾਲੇ ਦਾ ਨਵੇਂ ਸਿਰੇ ਤੋਂ ਨਿਰਮਾਣ ਕਰਵਾਇਆ ਗਿਆ ਤੇ ਫਿਰ ਪੰਚਾਇਤੀ ਜਗ੍ਹਾ ਵਿੱਚ ਕੀਤੇ ਗਏ ਨਜਾਇਜ਼ ਕਬਜ਼ਿਆਂ ਨੂੰ ਹਟਾ ਕੇ ਬੱਚਿਆਂ ਦੇ ਖੇਡਣ ਲਈ ਝੂਲੇ ਲਗਵਾਏ ਤੇ ਨੌਜਵਾਨਾਂ ਲਈ ਓਪਨ ਜਿੰਮ ਦਾ ਪ੍ਰਬੰਧ ਕਰਕੇ ਪਾਰਕ ਦੇ ਦੁਆਲੇ ਜਾਲ ਲਗਵਾਇਆ। ਹੁਣ ਪਿੰਡ ਦੀ ਪੱਕੀ ਫਿਰਨੀ ਦੀਆਂ ਵਰਮਾਂ ਨੂੰ ਜਿੱਥੇ ਸਾਫ ਕਰਵਾਇਆ ਉੱਥੇ ਹੀ ਉਹਨਾਂ ਨੂੰ ਕੰਕਰੀਟ ਦੀਆਂ ਪੱਕੀਆਂ ਵੀ ਕਰਵਾਇਆ ਜਾ ਰਿਹਾ। ਪਿੰਡ ਵਾਸੀਆਂ ਵੱਲੋਂ ਸਰਪੰਚ ਵੱਲੋਂ ਕੀਤੇ ਜਾ ਰਹੇ ਇਹਨਾਂ ਵਿਕਾਸ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

ਗੱਲਬਾਤ ਕਰਦੇ ਹੋਏ ਸਰਪੰਚ ਹਰਵਿੰਦਰ ਸਿੰਘ ਨੇ ਦੱਸਿਆ ਕਿ ਮੈਂ ਜਦੋਂ ਫੌਜ ਵਿੱਚ ਡਿਊਟੀ 'ਤੇ ਸੀ ਤਾਂ ਪਿੰਡ ਦੀ ਹਾਲਤ ਦੇਖ ਕੇ ਇਹ ਗੱਲ ਪੱਕੀ ਧਾਰ ਲਈ ਕਿ ਪੈਨਸ਼ਨ ਆਉਣ ਤੋਂ ਬਾਅਦ ਪਿੰਡ ਦੀ ਸਰਪੰਚੀ ਲੈ ਕੇ ਪਿੰਡ ਦਾ ਵੱਧ ਤੋਂ ਵੱਧ ਸੁਧਾਰ ਕਰਾਂਗਾ। ਉਹਨਾਂ ਕਿਹਾ ਕਿ ਮੈਂ ਆਪਣੇ ਕਾਰਜਕਾਲ ਦੌਰਾਨ ਪਿੰਡ ਦੀ ਬੇਹਤਰੀ ਤੇ ਨੁਹਾਰ ਬਦਲਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗਾ।

ਬਲਾਚੌਰ ਵਿੱਖੇ ਆਂਗਨਵਾੜੀ ਸੁਪਰਵਾਈਜਰਾਂ ਅਤੇ ਵਰਕਰਾਂ ਲਈ ਬਾਲ ਅਧਿਕਾਰਾਂ, ਜੁਵੇਨਾਇਲ ਜਸਟਿਸ ਐਕਟ ਅਤੇ ਪੋਕਸੋ ਐਕਟ ਸਬੰਧੀ ਕਰਵਾਇਆ ਗਿਆ ਟ੍ਰੇਨਿੰਗ ਪ੍ਰੋਗਰਾਮ

ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ) ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਜਿਲਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ, ਜਿਲਾ ਬਾਲ ਸੁਰੱਖਿਆ ਅਫਸਰ ਕੰਦਨ ਅਰੋੜਾ ਦੀ ਅਗਵਾਈ ਹੇਠ ਨਵਾਂ ਸ਼ਹਿਰ ਦੇ ਬਲਾਚੌਰ ਬਲੋਕ ਵਿਖੇ ਮਿਤੀ 18 ਫਰਵਰੀ 2026 ਨੂੰ ਬਲੋਕ ਅਧੀਨ ਆਉਣ ਵਾਲੀਆਂ ਆਂਗਨਵਾੜੀ ਵਰਕਰਾਂ ਅਤੇ ਸੁਪਰਵਾਈਜ਼ਰਾਂ ਨੂੰ ਬਾਲ ਅਧਿਕਾਰਾਂ, ਜੁਵੇਨਾਈਲ ਜਸਟਿਸ ਐਕਟ ਅਤੇ ਪੋਕਸੋ ਐਕਟ ਸਬੰਧੀ ਜਾਗਰੂਕ ਕਰਨ ਲਈ ਬਾਬਾ ਬਲਰਾਜ ਪੰਜਾਬ ਕੋਸਟੀਚੂਏਸੀ ਕਾਲਜ ਬਲਾਚੌਰ ਵਿਖੇ ਟਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਦੌਰਾਨ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਜੁਵੇਨਾਇਲ ਜਸਟਿਸ ਐਕਟ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਮਿਸ਼ਨ ਵਾਅਤਲਿਆ ਸਕੀਮ ਅਧੀਨ ਬੱਚਿਆਂ ਦੀ ਸੁਰੱਖਿਆ ਨਾਲ ਸੰਬੰਧਿਤ ਦਿੱਤੇ ਗਏ ਪ੍ਰੋਵੀਜ਼ਨਸ ਬਾਰੇ ਜਾਣੂ ਕਰਵਾਇਆ ਗਿਆ ਉਹਨਾਂ ਵੱਲੋਂ ਛੋਟੀ ਉਮਰ ਵਿੱਚ ਬੱਚਿਆਂ ਤੋਂ ਮਜਦੂਰੀ ਨਾ ਕਰਵਾਉਣ ਅਤੇ ਬਾਲ ਭਿਖਿਆ ਨਾ ਕਰਵਾਉਣ ਸਬੰਧੀ ਅਪੀਲ ਕੀਤੀ ਗਈ। ਉਹਨਾਂ ਵੱਲੋਂ ਬੱਚਿਆਂ ਦੇ ਫੰਡਾਮੈਂਟਲ ਰਾਈਟਸ ਬਾਰੇ ਜਾਣੂ ਕਰਵਾਉਂਦੇ ਹੋਏ ਆਂਗਣਵਾੜੀ ਵਰਕਰਾਂ ਨੂੰ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਅਪੀਲ ਕੀਤੀ ਗਈ। ਇਸ ਮੌਕੇ ਮੌਜੂਦ ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ ਆਈ ਸੀ ਵੱਲੋਂ ਪੋਕਸੋ ਐਕਟ ਸਬੰਧੀ ਡਿਟੇਲ ਵਿੱਚ ਜਾਣੂ ਕਰਵਾਇਆ ਗਿਆ ਅਤੇ ਬੱਚਿਆਂ ਨਾਲ ਮੌਜੂਦਾ ਸਮਾਂ ਵਿੱਚ ਹੋ ਰਹੇ ਯੋਨ ਸ਼ੋਸ਼ਣ/ਸ਼ਰੀਰਿਕ ਸ਼ੋਸ਼ਣ/ਭਾਵਨਾਤਮਕ ਸ਼ੋਸ਼ਣ ਤੋਂ ਆਪਣੇ ਬੱਚਿਆਂ ਨੂੰ ਸੁਰੱਖਿਤ ਰੱਖਣ ਲਈ ਅਪੀਲ ਕੀਤੀ ਗਈ। ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਮੈਡਮ ਕੰਚਨ ਅਰੋੜਾ ਵਲੋਂ ਜੇ ਜੇ ਐਕਟ, ਪੋਕਸੋ ਐਕਟ ਅਤੇ ਬਾਲ ਅਧਿਕਾਰਾਂ ਬਾਰੇ ਜਾਣਕਾਰੀ ਵਿਸਥਾਰ ਪੂਰਵਕ ਦਿੰਦੇ ਦੱਸਿਆ ਗਿਆ ਕਿ ਲੜਕੇ ਅਤੇ ਲੜਕੀਆਂ ਦੇ ਸਰਬਪੱਖੀ ਵਿਕਾਸ ਲਈ ਸੁਰੱਖਿਤ ਮਾਹੌਲ ਹੋਣਾ ਜਰੂਰੀ ਹੈ ਜਿਸ ਦੀ ਸਿਰਜਣਾ ਕਰਨ ਲਈ

ਸਰਕਾਰ ਵੱਲੋ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ, ਤਾਂ ਜੇ ਜ਼ੀਰੋ ਤੋਂ 18 ਸਾਲ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ, ਉਹਨਾਂ ਵੱਲੋਂ ਦੱਸਿਆ ਗਿਆ ਕਿ ਪੇਕਸੋ ਐਕਟ ਤਹਿਤ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਲਈ ਸਖਤ ਤੋਂ ਸਖਤ ਸਜ਼ਾ ਦਾ ਪ੍ਰਾਵਧਾਨ ਹੈ, ਉਨਾਂ ਨੇ ਸਕੂਲ ਦੇ ਅਧਿਆਪਕਾਂ ਨੂੰ ਕਿਹਾ ਕਿ ਉਹ ਬੱਚਿਆਂ ਨਾਲ ਇਸ ਸੰਵੇਦਨਸ਼ੀਲ ਵਿਸ਼ੇ ਤੇ ਖੁੱਲ ਕੇ ਚਰਚਾ ਕਰਨ ਤਾਂ ਜੋ ਬੱਚਿਆਂ ਨੂੰ ਚੰਗੇ ਅਤੇ ਮਾੜੇ ਵਤੀਰੇ ਦਾ ਪਤਾ ਲੱਗ ਸਕੇ। ਮੌਕੇ ਤੇ ਮੌਜੂਦ ਸ੍ਰੀਮਤੀ ਸੋਨੀਆ ਅੰਗਰਿਸ਼ ਚੇਅਰਪਰਸਨ ਬਾਲ ਭਲਾਈ ਕਮੇਟੀ ਵੱਲੋਂ ਬੱਚਿਆਂ ਦੇ ਅਧਿਕਾਰਾਂ ਸਬੰਧੀ ਖੁੱਲ ਕੇ ਗੱਲਬਾਤ ਕੀਤੀ ਗਈ ਅਤੇ ਪ੍ਰੋਗਰਾਮ ਦੌਰਾਨ ਮੌਜੂਦ ਆਂਗਨਵਾੜੀ ਵਰਕਰਾਂ ਦੇ ਨਾਲ ਨਾਲ ਸੁਪਰਵਾਈਜ਼ਰਾਂ ਨੂੰ ਕਿਹਾ ਗਿਆ ਕਿ ਜੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰਹਾਂ ਦੀ ਕੋਈ ਦਿੱਕਤ ਪੇਸ਼ ਆਉਣ ਤੇ ਇਸ ਸੰਬੰਧੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਨੂੰ ਦਿੱਤੀ ਜਾਵੇ। ਗੌਰਵ ਸ਼ਰਮਾ ਵੱਲੋਂ ਆਂਗਨਵਾੜੀ ਵਰਕਰਾਂ ਨੂੰ ਬੱਚਿਆਂ ਨੂੰ ਗੁਡ ਟਚ ਅਤੇ ਬੈਡ ਟੱਚ ਸਬੰਧੀ ਜਾਣੂ ਕਰਵਾਉਣ ਲਈ ਕਿਹਾ ਗਿਆ ਅਤੇ ਕਿਹਾ ਕਿ ਜੇਕਰ ਕੋਈ ਵੀ ਬੱਚਾ ਕਿਸੇ ਵੀ ਤਰ੍ਹਾਂ ਦੇ ਦੁਰਵਿਵਹਾਰ ਦਾ ਸਾਹਮਣਾ ਕਰਦਾ ਹੈ ਤਾਂ ਉਹ ਬੇਝਿਜਕ ਇਸ ਬਾਰੇ ਆਪਣੇ ਮਾਪਿਆਂ ਜਾਂ ਆਪਣੇ ਅਧਿਆਪਕ ਨੂੰ ਦੱਸ ਸਕਦਾ ਹੈ ਤਾਂ ਜੋ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਖਿਲਾਫ ਪੋਕਸੋ ਐਕਟ ਤਹਿਤ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਉਚਿਤ ਕਾਰਵਾਈ ਕੀਤੀ ਜਾ ਸਕੇ । ਉਹਨਾਂ ਵੱਲੋਂ ਬੱਚਿਆਂ ਨਾਲ ਸੰਬੰਧਿਤ ਕਿਸੇ ਵੀ ਕੇਸ ਸਬੰਧੀ ਜਾਣਕਾਰੀ ਦੇਣ ਲਈ ਚਾਇਲਡ ਹੈਲਪਲਾਈਨ ਨੰਬਰ 1098 ਤੇ ਜਾਣਕਾਰੀ ਦੇਣ ਲਈ ਕਿਹਾ ਗਿਆ। ਉਪਰੋਕ ਟ੍ਰੇਨਿੰਗ ਪ੍ਰੋਗਰਾਮ ਵਿੱਚ ਬਾਲ ਵਿਕਾਸ ਪ੍ਰੋਜੈਕਟ ਅਫਸਰ ਸ੍ਰੀਮਤੀ ਅਕਾਂਕਸ਼ਾ ਸੋਨੀ ਵੀ ਮੌਜੂਦ ਸਨ ਜਿਨਾਂ ਵੱਲੋਂ ਵਿਸ਼ੇਸ਼ ਤੌਰ ਤੇ ਮੈਡਮ ਕੰਚਨ ਅਰੋੜਾ ਦਾ ਇਸ ਟ੍ਰੇਨਿੰਗ ਪ੍ਰੋਗਰਾਮ ਨੂੰ ਉਲੀਕਣ ਲਈ ਧੰਨਵਾਦ ਕੀਤਾ ਗਿਆ ਅਤੇ ਵਿਸ਼ਵਾਸ ਦਵਾਇਆ ਗਿਆ ਕਿ ਬਾਲ ਸੁਰੱਖਿਆ ਦੇ ਮਾਮਲੇ ਵਿੱਚ ਕਿਸੇ ਤਰਹਾਂ ਦੀ ਅਣਗੌਲੀ ਨਹੀਂ ਕੀਤੀ ਜਾਵੇਗੀ। ਅੰਤ ਵੀਚ ਗੌਰਵ ਸ਼ਰਮਾ ਵੱਲੋਂ ਬਾਲ ਵਿਆਹ ਮੁਕਤ ਭਾਰਤ ਕੰਪੇਨ ਅਧੀਨ ਬਾਲ ਵਿਆਹ ਖ਼ਿਲਾਫ਼ ਸੋਹ ਵੀ ਚੁਕਾਈ ਗਈ । ਪ੍ਰੋਗਰਾਮ ਦੌਰਾਨ ਸਹਿਭਾਗੀਆ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਉਪਰੋਕਤ ਮੌਕੇ ਜਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਅਕਾਂਕਸ਼ਾ ਸੋਨੀ ਥਾਲ ਵਿਕਾਸ ਪ੍ਰੋਜੈਕਟ ਅਫਸਰ ਬਲਾਚੌਰ, ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ, ਸੋਨੀਆ ਅੰਗਰਸ ਚੇਅਰ ਪਰਸਨ ਥਾਲ ਭਲਾਈ ਕਮੇਟੀ ਦੇ ਨਾਲ ਨਾਲ ਆਂਗਨਵਾੜੀ ਸੁਪਰਵਾਈਜ਼ਰਾਂ ਅਤੇ ਵਰਕਰਾਂ, ਸੰਬੰਧਿਤ ਕਾਲਜ ਦੇ ਪ੍ਰੋਫੈਸਰ ਸ੍ਰੀ ਰਮਨਦੀਪ ਦੇ ਨਾਲ ਨਾਲ ਕਾਲਜ ਦੇ ਵਿਦਿਆਰਥੀ ਵੀ ਮੌਜੂਦ ਸਨ।

ਆਪੋ ਆਪਣੀ ਕਿਸਮ

ਕੋਈ ਜਿਉਂਣ ਦੀ ਆਸ
ਮੁਕਾ ਕੇ ਸੌਂਦਾ ਹੈ ।
ਕੋਈ ਸਵੇਰ ਦਾ ਸੁਪਨ
ਸਜਾ ਕੇ ਸੌਂਦਾ ਹੈ ।
ਕੋਈ ਖੇਤ ਦੀ ਵੱਟ
ਉੱਤੇ ਵੀ ਸੌਂ ਜਾਂਦੈ ;
ਕੋਈ ਨੀਂਦ ਦੀ ਗੋਲ਼ੀ
ਖਾ ਕੇ ਸੌਂਦਾ ਹੈ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

ਹੋਰ ਦਿਲ ਕਿਉ ਮੰਗੀ ਜਾਂਦੀ ਏ

ਦਰਸ਼ਨ ਦੇ ਕੇ ਸੱਜਣਾ ਨਿੱਕਲਦੀ ਜਾਨ ਬਚਾ ਲੈ,
ਕਿਉਂ ਲਾਰਿਆਂ ਦੀ ਸੂਲੀ ਟੰਗੀ ਜਾਂਦੀ ਏ,
ਇਕੋ ਮੇਰਾ ਦਿਲ ਸਾਂਭ ਕੇ ਰੱਖ ਲੈ, ਹੋਰ ਦਿਲ ਕਿਉਂ ਮੰਗੀ ਜਾਂਦੀ ਏ,

ਨਖ਼ਰਾ ਤੇਰਾ ਮਾਰੇ ਸਹਿਨਤਾਂ ਤਿਲ ਠੋਡੀ ਦਾ ਵੀ ਪੱਟੇ,
ਪਿੱਛੇ ਪਿੱਛੇ ਘੁੰਮਦਾ ਗੱਬਰੂ ਬਿੜਕਾਂ ਤੇਰੀਆਂ ਰੱਖੇ,
ਦਿਲ ਵੱਟੇ ਦੇ,ਦੇ ਦਿਲ ਕਿਉਂ ਸੰਗੀ ਜਾਂਦੀ ਏ,
ਇੱਕੋ ਮੇਰਾ ਦਿਲ ਸਾਂਭ ਕੇ ਰੱਖ ਲੈ, ਹੋਰ ਦਿਲ ਕਿਉਂ ਮੰਗੀ ਜਾਂਦੀ ਏ,

ਸੱਜਣਾ ਹੁੱਸਨ ਤੇਰਾ ਡੁੱਲ ਡੁੱਲ ਜਾਵੇ, ਮੁੰਡਿਆ ਦੇ ਵਿੱਚ ਇਹ ਵੈਰ ਪੁਆਵੇ,
ਪਿੰਦੂ ਅੱਖ ਕਾਸ਼ਨੀ ਵੀ ਕਰੀ ਜਾਂਦੀ ਕਹਿਰ ਏ,

ਨਾਗਣ ਬਣ ਗੁੱਤ ਸੱਪਣੀ ਵੀ ਡੰਗੀ ਜਾਂਦੀ ਏ,
ਇੱਕੋ ਮੇਰਾ ਦਿਲ ਸਾਂਭ ਕੇ ਰੱਖ ਲੈ, ਹੋਰ ਦਿਲ ਕਿਉਂ ਮੰਗੀ ਜਾਂਦੀ ਏ,

ਪਿੰਦੂ ਰਾਹੋਂ (ਨਵਾਂ ਸ਼ਹਿਰ)
+917710556211

ਮੈਨੂੰ ਸਭ ਪਤਾ

ਕਿੱਥੇ ਕਿੱਥੇ ਕਿਹੜਾ ਕਿਹੜਾ, ਕਿੰਨੇ ਦੇ ਵਿਚ ਵਿਕਿਆ?
ਐਵੇਂ ਹੀ ਨਾ ਅੱਖਾਂ ਕੱਢੋ, ਹਾਲੇ ਮੈਂ ਨਈ ਲਿਖਿਆ।

ਸਾਨੂੰ ਵੀਰੋ ਸਤਿਗੁਰ ਜੀ ਨੇ, ਬਖਸ਼ੀ ਸੀ ਸਰਦਾਰੀ,
ਐਪਰ ਆਪਾਂ ਲੋਭ 'ਚ ਫ਼ਸ ਕੇ,ਲੋਚ ਰਹੇ ਹਾਂ ਭਿਖਿਆ।

ਆਪਣਿਆਂ ਹੀ ਲੋਕਾਂ ਉੱਤੇ, ਅਤਿਆਚਾਰ ਰਿਹਾ ਕਰ,
ਉਹ ਜੋ ਗ਼ੈਰਾਂ ਦੇ ਹੱਥਾਂ ਦੀ,,ਕਠਪੁਤਲੀ ਹੈ ਬਣਿਆ।

ਸੋਚਾਂ ਲੁੱਟਿਆ ਉਸ ਵੇਲੇ ਜਦ,ਦੀਵਾ ਜਗਿਆ ਕਬਰੀਂ,
ਤੇ ਕੁੱਲੀ ਵਿਚ ਘੁੱਪ ਹਨੇਰਾ, ਹੋਇਆ ਮੈਨੂੰ ਦਿਸਿਆ।

ਰੱਬਾ ਤੇਰੇ ਨਾਲ ਮੁਹੱਬਤ, ਦੌਲਤ ਲਈ ਹੋਵੇ ਹੁਣ,
ਤੇਰੇ ਦਰ ਜਾ ਬੰਦਾ ਲੱਖਾਂ, ਮੰਗਣ ਦੇ ਲਈ ਲਿਫਿਆ।

"ਜੌੜਾ" ਅੱਖਾਂ ਵਿੱਚੋਂ ਅੱਥਰੂ, ਠੱਲ੍ਹੇ ਹੀ ਨਾ ਜਾਵਣ,
ਜਦ ਕਿਧਰੇ ਵੀ ਸੁਣ ਲੈਂਦਾ ਹਾਂ,ਮੈਂ ਦੀਨਾਂ ਦੀ ਵਿਥਿਆ।

ਨਿਸ਼ਾਨ ਸਿੰਘ
ਪਿੰਡ ਤੇ ਡਾਕ:ਜੌੜਾ ਸਿੰਘਾ
ਜ਼ਿਲ੍ਹਾ:ਗੁਰਦਾਸਪੁਰ
ਫੋਨ: 9646540249

ਜੂਲੀ ਕੇ ਬਰਾਉਨ

ਜੂਲੀ ਦਾ ਨਾਂ ਦੁਨੀਆਂ ਭਰ ਵਿੱਚ,
ਚਮਕ ਰਿਹਾ ਹੈ, ਵਾਂਗ ਸਿਤਾਰੇ ।

ਡਰ ਨੂੰ ਉਹ,ਡਰਾ ਕੇ ਤੁਰ ਪਈ,
ਲਾਉਣ ਵਾਸਤੇ ਗੱਲ ਕਿਨਾਰੇ ।

ਜਾਨ ਦੀ,ਉਸ ਪ੍ਰਵਾਹ ਨਾ ਕੀਤੀ,
ਉਡੀਕੇ ਨਾ ਕੋਈ,ਉਸ ਸਹਾਰੇ ।

ਲੋਕਾਂ ਲਈ ਸਨਮਾਨ ਦੇ ਪਾਤਰ,
ਮਾਸੂਮਾਂ ਦੇ ਨਿੱਕਲੇ ਹਤਿਆਰੇ ।

ਹੁਣ ਉਹ ਵੱਡੇ ਦੁੱਖ ਸਹਿਣਗੇ,
ਲੈਂਦੇ ਰਹੇ ਜਿਹੜੇ,ਜਾ ਨਜ਼ਾਰੇ ।

ਲੱਗ ਪਏ ਨੇ,ਥਰ-ਥਰ ਕੰਬਣ,
ਵੱਡੇ-ਵੱਡੇ ਸਭ ਮਹਿਲ ਮੁਨਾਰੇ।

ਔਰਤ ਹੋ ਵੀ ਉਹ ਕੰਮ ਕੀਤਾ,
ਜਿਸ ਨੂੰ ਸੁਣ ਸੀ,ਕੰਬਦੇ ਸਾਰੇ ।

ਜਸਵੀਰ ਮੋਰੋਂ,ਐਪਸਟੀਨ ਦੇ,
ਜੱਗ ਜ਼ਾਹਰ, ਉਸ ਕੀਤੇ ਕਾਰੇ।

ਜਸਵੀਰ ਮੋਰੋਂ

ਇਹ ਦੁਨੀਆ ਮੁਸਾਫਰਖਾਨਾ ਹੈ

ਇਹ ਦੁਨੀਆ ਮੁਸਾਫਰਖਾਨਾ ਹੈ
ਸਭ ਨੇ ਆ ਕੇ ਇਥੋਂ ਚਲੇ ਜਾਣਾ ਹੈ।
ਧੰਨ ਦੌਲਤ ਦਾ ਰੌਲਾ ਤਾਂ ਬੇਕਾਰ ਹੀ ਹੈ
ਇੱਥੇ ਰਹਿ ਜਾਏਗਾ ਜੋ ਵੀ ਮਾਲ ਖਜਾਨਾ ਹੈ।
ਮਖਮਲ ਦੇ ਗੱਦਿਆਂ ਤੇ ਕਿਤਨੀ ਵੀ ਨੀਂਦ ਕਰ ਲਓ ਤੁਸੀਂ
ਆਖਿਰ ਵਿਚ ਤਾਂ ਚਿਤਾ ਤੇ ਹੀ ਸੌ ਜਾਣਾ ਹੈ।
ਕਾਮ ,ਕ੍ਰੋਧ ,ਮੋਹ ਤੇ ਅਹੰਕਾਰ ਤੋਂ ਛੁਟਕਾਰਾ ਪਾ ਲਓ
ਆਖਿਰ ਵਿੱਚ ਪ੍ਰਭੂ ਦਾ ਸਿਮਰਨ ਨਾਲ ਜਾਣਾ ਹੈ।
ਮਤਲਬ ਦੇਨੇ ਸਾਰੇ ਸੰਗੀ ਸਾਥੀ
ਸਾੜਨ ਵਾਸਤੇ ਇਹਨਾਂ ਨੇ ਹੀ ਤੈਨੂੰ ਸ਼ਮਸ਼ਾਨ ਲੈ ਜਾਣਾ ਹੈ।
ਮਿਹਨਤ ਕਰਕੇ ਜੋ ਵੀ ਤੈ ਹੈ ਧਨ ਕਮਾਇਆ
ਆਖਿਰ ਵਿੱਚ ਉਹ ਸਭ ਹੋ ਜਾਣਾ ਬੇਗਾਨਾ ਹੈ।
ਚਾਹੇ ਕਿੰਨੀ ਵੀ ਅਸੀਂ ਉਮਰ ਹੰਡਾ ਲਈਏ
ਆਖਿਰ ਵਿੱਚ ਤਾਂ ਅਸੀਂ ਸਭ ਨੇ ਪਛਤਾਉਣਾ ਹੈ।
ਕੁਝ ਤਾਂ ਚੰਗੇ ਕਰਮ ਕਰ ਲੈ ਓਏ ਬੰਦਿਆ
ਮਰਨ ਬਾਅਦ ਉਸ ਦਾਤੇ ਨੂੰ ਤੈ ਆਪਣਾ ਮੂੰਹ ਦਿਖਾਉਣਾ ਹੈ।
ਇਹ ਦੁਨੀਆ ਤਾਂ ਹੈ ਇੱਕ ਮੁਸਾਫਰਖਾਨਾ
ਸਭ ਨੇ ਇਕ ਦਿਨ ਇਥੋਂ ਚਲੇ ਜਾਣਾ ਹੈ।

ਪ੍ਰੋਫੈਸਰ ਸ਼ਾਮ ਲਾਲ ਕੌਸ਼ਲ
ਮੋਬਾਇਲ 94 16 35 90 45
ਰੋਹਤਕ ਹਰਿਆਣਾ



ਦਿੱਲੀ ਕਿਸਾਨ ਮੋਰਚਾ ਸ਼ੰਭੂ ਟਿਕਰੀ ਬਾਰਡਰ ਤੋਂ ਬਾਅਦ

ਹੁਣ ਪੰਜਾਬ ਪੁਲਿਸ ਕਿਸਾਨਾਂ ਨੂੰ ਪਿੰਡਾਂ ਵਿੱਚ ਵੜ ਕੇ ਕੁੱਟਣ ਲੱਗੀ

ਬਲਬੀਰ ਸਿੰਘ ਬੱਬੀ

ਕੋਈ ਪੰਜ ਕੁ ਸਾਲ ਪਹਿਲਾਂ ਕੇਂਦਰ ਵਿਚਲੀ ਭਾਜਪਾ ਦੀ ਮੋਦੀ ਸਰਕਾਰ ਨੇ ਸਮੁੱਚੇ ਦੇਸ਼ ਵਿੱਚ ਖੇਤੀ ਸਬੰਧੀ ਕਾਲੇ ਕਾਨੂੰਨ ਲਾਗੂ ਕੀਤੇ ਉਸ ਦੇ ਵਿਰੋਧ ਦੇ ਵਿੱਚ ਸਭ ਤੋਂ ਪਹਿਲਾਂ ਸੰਘਰਸ਼ ਪੰਜਾਬ ਦੀ ਧਰਤੀ ਤੋਂ ਚੱਲਿਆ। ਪੰਜਾਬ ਦੇ ਕਿਸਾਨ ਅੱਗੇ ਹੋਏ ਉਸ ਤੋਂ ਬਾਅਦ ਹਰਿਆਣਾ ਦੇ ਕਿਸਾਨ ਨਾਲ ਜੁੜੇ ਤੇ ਦਿੱਲੀ ਦੀਆਂ ਬਰੂਹਾਂ ਨੂੰ ਸਮੁੱਚੇ ਭਾਰਤ ਦੇ ਕਿਸਾਨਾਂ ਨੇ ਘੇਰ ਲਿਆ ਲਗਾਤਾਰ ਇਕ ਸਾਲ ਤੋਂ ਉੱਪਰ ਦਾ ਸਮਾਂ ਇਹ ਕਿਸਾਨ ਮੋਰਚਾ ਚੱਲਿਆ। ਜਿਸ ਵਿੱਚ 800 ਦੇ ਲਗਭਗ ਕਿਸਾਨਾਂ ਦੀ ਮੌਤ ਹੋਈ ਹੋਰ ਆਰਥਿਕ ਨੁਕਸਾਨ ਦਾ ਕੋਈ ਅੰਤ ਨਹੀਂ ਉਸ ਤੋਂ ਬਾਅਦ ਜਦੋਂ ਕਿਸਾਨ ਅੱਗੇ ਵਧਣ ਲੱਗੇ ਤਾਂ ਫਿਰ ਦਿੱਲੀ ਤੇ ਹੋਰ ਸੈਂਟਰਲ ਸੁਰੱਖਿਆ ਏਜੰਸੀਆਂ ਨੇ ਕਿਸਾਨਾਂ ਦੇ ਉੱਪਰ ਕਿਹੜਾ ਕਿਹੜਾ ਜ਼ੁਲਮ ਕੁਝ ਚੱਲਿਆ। ਉਸ ਵੇਲੇ ਵੀ ਨਹੀਂ ਕੀਤਾ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਸੜਕਾਂ ਦੇ ਉੱਪਰ ਕਿੱਲ ਗੱਡੇ ਵੱਡੇ ਵੱਡੇ ਟਰੱਕ ਟਿੱਪਰ ਸੜਕਾਂ ਵਿੱਚ ਖੜਾ ਦਿੱਤੇ ਗਏ ਤਾਂ ਕਿ ਕਿਸਾਨ ਨਾ ਅੱਗੇ ਵਧਣ ਇਨਾ ਕੁਝ ਝੱਲ ਕੇ ਕਿਸਾਨ ਨਿਰਾਸ਼ ਵਾਪਸ ਮੁੜ ਆਏ।

ਉਸ ਤੋਂ ਬਾਅਦ ਕਿਸਾਨ ਮੁੜ ਆਪਣੀਆਂ ਮੰਗਾਂ ਦੇ ਲਈ ਜਦੋਂ ਦਿੱਲੀ ਵੱਲ ਨੂੰ ਕੂਚ ਕਰਨ ਲੱਗੇ ਤਾਂ ਫਿਰ ਹਰਿਆਣਾ ਦੇ ਬਾਰਡਰਾਂ ਉੱਤੇ ਉਸ ਵੇਲੇ ਹਰਿਆਣਾ ਦੀ ਖੱਟਰ ਸਰਕਾਰ ਨੇ ਸਭ ਕੁਝ ਜਾਮ ਕਰਕੇ ਕਿਸਾਨਾਂ ਨੂੰ ਅੱਗੇ ਨਾ ਵਧਣ ਦਿੱਤਾ ਗਿਆ ਪੰਜਾਬ ਦੇ ਕਿਸਾਨ ਹਰਿਆਣਾ ਦੇ ਸ਼ੰਭੂ ਟਿੱਕਰੀ ਬਾਰਡਰਾਂ ਪਰ ਮੋਰਚੇ ਲਾ ਕੇ ਬੈਠ ਗਏ ਤੇ ਉਸ ਵੇਲੇ ਵੀ ਪੁਲਿਸ ਸੁਰੱਖਿਆ ਏਜੰਸੀਆਂ ਨੇ ਇਹਨਾਂ ਹੀ ਕਿਸਾਨਾਂ ਦੇ ਉੱਪਰ ਅੱਥਰੂ ਗੈਸ ਦੇ ਗੋਲੇ ਵਰਾਏ ਇੱਟਾਂ ਰੋੜੇ ਹੋਰ ਬੜਾ

ਕਿਸਾਨਾਂ ਨੇ ਇਹਨਾਂ ਦਾ ਮੁਕਾਬਲਾ ਕੀਤਾ ਤੇ ਗੱਲ ਇਸ ਤਰ੍ਹਾਂ ਸੀ ਕਿ ਇਹ ਕੇਂਦਰ ਸਰਕਾਰ ਹਰਿਆਣਾ ਸਰਕਾਰ ਦੀ ਪੁਲਿਸ ਹੈ ਪੰਜਾਬ ਦੀ ਕਿਸਾਨਾਂ ਉੱਪਰ ਜੁਲਮ ਕਰ ਰਹੀ ਹੈ।

ਅੱਜ ਪੰਜ ਛੇ ਸਾਲ ਪਹਿਲਾਂ ਚੱਲੇ ਕਿਸਾਨ ਮੋਰਚੇ ਦੀ ਝਲਕ ਪਹਿਲਾਂ ਟਿਕਰੀ ਸ਼ੰਭੂ ਬਾਡਰਾਂ ਦੀ ਯਾਦ ਉਸ ਵੇਲੇ ਫਿਰ ਤਾਜ਼ਾ ਹੋ ਗਈ ਜਦੋਂ ਅੱਜ ਪੰਜਾਬ ਸਰਕਾਰ ਦੀ ਆਪਣੀ ਪੰਜਾਬ ਪੁਲਿਸ ਨੇ ਦਿੱਲੀ ਤੇ ਹਰਿਆਣਾ ਦੀਆਂ ਪੁਲਿਸਾਂ ਨਾਲੋਂ ਵੀ ਵੱਧ ਜੁਲਮ ਕਰਦਿਆਂ ਹੋਇਆਂ ਬਠਿੰਡਾ ਜ਼ਿਲ੍ਹੇ ਦੇ ਵਿੱਚ ਆਪਣੇ ਸਾਥੀਆਂ ਨੂੰ ਛਡਾਉਣ ਦੇ ਲਈ ਕਿਸਾਨ ਜਥੇਬੰਦੀਆਂ ਬੀਤੇ ਕਈ ਦਿਨਾਂ ਤੋਂ ਮੀਟਿੰਗਾਂ ਕਰ ਰਹੀਆਂ ਹਨ ਅੱਜ ਜਿਉਂ ਹੀ ਬਠਿੰਡਾ ਦੇ ਜਿਉਂਦ ਪਿੰਡ ਦੇ ਵਿੱਚ ਕਿਸਾਨ ਇਕੱਤਰ ਹੋਏ ਤਾਂ ਫਿਰ ਉੱਥੇ ਬਠਿੰਡਾ ਪੁਲਿਸ ਜਿਸ ਦੀ ਅਗਵਾਈ ਖੁਦ ਐਸਐਸਪੀ ਬਠਿੰਡਾ ਕਰ ਰਹੇ ਸਨ ਜੋ ਪਿੰਡ ਦੇ ਵਿੱਚ ਪੁੱਜੀ ਉਨਾਂ ਨੇ ਮੀਟਿੰਗ ਕਰ ਰਹੇ ਕਿਸਾਨਾਂ ਦੇ ਨਾਲ ਬਿਨਾਂ ਕੋਈ ਗੱਲਬਾਤ ਕੀਤਿਆਂ ਹਮਲੇ ਸ਼ੁਰੂ ਕਰ ਦਿੱਤੇ ਇੱਟਾਂ ਰੋੜੇ ਦੋਏ ਪਾਸਿਆਂ ਤੋਂ ਚੱਲੇ ਤੇ ਹੱਦ ਤਾਂ ਉਸ ਵੇਲੇ ਹੋ ਗਈ ਜਦੋਂ ਹਰਿਆਣਾ ਦਿੱਲੀ ਦੀ ਤਰਜ ਦੇ ਉੱਪਰ ਪੰਜਾਬ ਦੇ ਜਿਉਦ ਪਿੰਡ ਵਿੱਚ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਉਹ ਤਾਂ ਬੇਗਾਨੇ ਪੁਲਿਸ ਵਾਲੇ ਸਨ ਇਹ ਤਾਂ ਪੰਜਾਬ ਪੁਲਿਸ ਸਾਡੀ ਆਪਣੀ ਹੈ ਸਾਡੀ ਹਿਫਾਜ਼ਤ ਲਈ ਹੈ ਇਹ ਅਜਿਹਾ ਜ਼ੁਲਮ ਕਿਉਂ ਕਰ ਰਹੀ ਹੈ ਹੁਣ ਜਿਹੜਾ ਕੁਝ ਪਿੰਡਾਂ ਦੇ ਵਿੱਚ ਇਸ ਤਰ੍ਹਾਂ ਪੁਲਿਸ ਜਾ ਕੇ ਧੱਕੇਸ਼ਾਹੀ ਕਰ ਰਹੀ ਹੈ ਉਹ ਤਾਂ ਸ਼ਾਇਦ ਪੰਜਾਬ ਦੇ ਖਾੜਕੂਵਾਦ ਸਮੇਂ ਦਰਮਿਆਨ ਵੀ ਨਾ ਹੁੰਦਾ ਹੋਵੇ ਇਹ ਜੋ ਕੋਈ ਵੀ ਕਾਰਵਾਈ ਹੋ ਰਹੀ ਹੈ ਪੁਲਿਸ ਗਲਤ ਜ਼ੁਲਮ ਕਰ ਰਹੀ ਹੈ। ਆਖਰ ਕਿਸਾਨ ਪੰਜਾਬ ਦੇ ਨੇ ਆਪਣੇ ਹੀ ਨੇ ਜੇਕਰ ਕੋਈ ਧਰਨਾ ਪ੍ਰਦਰਸ਼ਨ ਮੁਜ਼ਾਹਰਾ ਕਰ ਵੀ ਰਹੇ ਨੇ ਕੋਈ ਐਡਾ ਬੰਬ ਨਹੀਂ ਡਿੱਗਣ ਲੱਗਿਆ ਪੁਲਿਸ ਨੇ ਜਿਸ ਤਰ੍ਹਾਂ ਅੱਜ ਬਠਿੰਡਾ ਦੇ ਜਿਉਂਦ ਪਿੰਡ ਵਿੱਚ ਜਾ ਕੇ ਕਾਰਵਾਈ ਪਾਈ ਹੈ ਉਸ ਦੇ ਨਾਲ ਆਮ ਲੋਕਾਂ ਦਾ ਵੀ ਪੁਲਿਸ ਪ੍ਰਤੀ ਗੁੱਸਾ ਹੈ ਇਸ ਤੋਂ ਇਲਾਵਾ ਸਮੁੱਚੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਵੀ ਅੱਜ ਜੋ ਕੁਝ ਵਾਪਰਿਆ ਹੈ ਉਸ ਦੀ ਨਿਖੇਧੀ ਕੀਤੀ ਹੈ।

ਸਰੀਰ ਦੀ ਸਫਾਈ/ ਬਾਲ ਕਵਿਤਾ

ਸਰੀਰ ਦੀ ਸਫਾਈ/ ਬਾਲ ਕਵਿਤਾ
ਜੋ ਆਪਣੇ ਸਰੀਰ ਦੀ ਰੱਖਣ ਸਫਾਈ,
ਉਨ੍ਹਾਂ ਦੇ ਨੇੜੇ ਨਾ ਆਵੇ ਕੋਈ ਬੀਮਾਰੀ।
ਜੋ ਰੋਜ਼ ਸਾਫ ਕਰਨ ਦੰਦ ਬੁਰਸ਼ ਦੇ ਨਾਲ,
ਸਭ ਨੂੰ ਹੱਸਦੇ ਚੰਗੇ ਲੱਗਣ ਉਹ ਬਾਲ।
ਜੋ ਰੋਜ਼ ਅੱਖਾਂ ਤੇ ਮਾਰਨ ਪਾਣੀ ਦੇ ਛਿੱਟੇ,
ਉਨ੍ਹਾਂ ਬਾਲਾਂ ਦੀ ਨਜ਼ਰ ਕਦੇ ਨਾ ਘਟੇ,
ਜੋ ਸਰੀਰ ਨੂੰ ਕੀਮਤੀ ਚੀਜ਼ ਸਮਝਦੇ ਨੇ,
ਉਹ ਸਮੇਂ ਸਿਰ ਉੱਠ ਕੇ ਨਹਾ ਲੈਂਦੇ ਨੇ।
ਜੋ ਕੰਨਾਂ 'ਚ ਨੁਕੀਲੀ ਚੀਜ਼ ਨਾ ਫੇਰਨ,
ਉਨ੍ਹਾਂ ਨੂੰ ਸੁਣਨ 'ਚ ਆਵੇ ਨਾ ਮੁਸ਼ਕਲ।
ਜੋ ਨਹੁੰ ਆਪਣੇ ਕੱਟ ਲੈਂਦੇ ਨੇ ਸਮੇਂ ਸਿਰ,
ਰੋਟੀ ਨਾਲ ਉਨ੍ਹਾਂ ਦੇ ਜਾਵੇ ਨਾ ਮਿੱਟੀ ਅੰਦਰ।

ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ 9915803554

ਕੇਅਰਰਜ਼ ਡਾਇਰੈਕਟ ਡੇ ਸੈਂਟਰ 'ਚ ਵੈਲੇਨਟਾਈਨ ਡੇ ਮਨਾਇਆ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)- ਲੈਸਟਰ ਸਥਿਤ ਕੇਅਰਰਜ਼ ਡਾਇਰੈਕਟ ਹੋਮਕੇਅਰ ਡੇ ਸੈਂਟਰ ਵੱਲੋਂ ਵੈਲੇਨਟਾਈਨ ਡੇ ਨੂੰ ਪਿਆਰ, ਆਪਸੀ ਸਨਮਾਨ ਅਤੇ ਭਾਈਚਾਰੇ ਦੀ ਭਾਵਨਾ ਨਾਲ ਭਰਪੂਰ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸੈਂਟਰ ਵਿੱਚ ਖ਼ਾਸ ਸਜਾਵਟ ਕੀਤੀ ਗਈ ਅਤੇ ਹਾਜ਼ਰੀਨਾਂ ਲਈ ਦਿਨ ਭਰ ਮਨੋਰੰਜਕ ਅਤੇ ਦਿਲ ਨੂੰ ਛੂਹ ਲੈਣ ਵਾਲੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਭਾਗੀਦਾਰਾਂ ਨੇ ਸੰਗੀਤ, ਸਮੂਹ ਚਰਚਾਵਾਂ, ਰਚਨਾਤਮਕ ਕਲਾ ਕਿਰਿਆਵਾਂ ਅਤੇ ਮਿਲਜੁਲ ਕੇ ਸਮਾਂ ਬਿਤਾਉਣ ਰਾਹੀਂ ਖੁਸ਼ੀਆਂ ਸਾਂਝੀਆਂ ਕੀਤੀਆਂ।

ਸੈਂਟਰ ਦੇ ਪ੍ਰਬੰਧਕ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸਮਾਗਮ ਸਿਰਫ਼ ਮਨੋਰੰਜਨ ਲਈ ਨਹੀਂ, ਸਗੋਂ ਸਮਾਜਿਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਵੀ ਮਹੱਤਵਪੂਰਨ ਹੁੰਦੇ ਹਨ। ਉਨ੍ਹਾਂ ਕਿਹਾ ਕਿ ਡੇ ਸੈਂਟਰ

ਵੈਲੇਨਟਾਈਨ ਡੇ ਮੌਕੇ ਕੇਅਰਰਜ਼ ਡਾਇਰੈਕਟ ਹੋਮਕੇਅਰ ਡੇ ਸੈਂਟਰ ਵਿੱਚ ਸਜਾਵਟ ਦਰਮਿਆਨ ਬਜ਼ੁਰਗਾਂ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਪ੍ਰਬੰਧਕ ਅਤੇ ਸਟਾਫ਼ ਮੈਂਬਰ। ਤਸਵੀਰ:- ਸੁਖਜਿੰਦਰ ਸਿੰਘ ਢੱਡੇ

ਦਾ ਮੁੱਖ ਉਦੇਸ਼ ਇੱਕ ਅਜਿਹਾ ਪਾਲਣ-ਪੋਸ਼ਣ ਵਾਲਾ ਅਤੇ ਸਹਾਇਕ ਵਾਤਾਵਰਣ ਪ੍ਰਦਾਨ ਕਰਨਾ ਹੈ ਜਿੱਥੇ ਹਰ ਵਿਅਕਤੀ ਖੁਦ ਨੂੰ ਸੁਰੱਖਿਅਤ, ਸਨਮਾਨਿਤ ਅਤੇ ਜੁੜਿਆ ਮਹਿਸੂਸ ਕਰੇ। ਵੈਲੇਨਟਾਈਨ ਡੇ ਦੇ ਸਮਾਗਮ ਦੌਰਾਨ ਭਾਗੀਦਾਰਾਂ ਨੇ ਆਪਣੇ ਜੀਵਨ ਅਨੁਭਵ ਸਾਂਝੇ ਕੀਤੇ ਅਤੇ ਇਕ ਦੂਜੇ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ, ਜਿਸ ਨਾਲ ਮਾਹੌਲ ਹੋਰ ਵੀ ਭਾਵੁਕ ਅਤੇ ਪ੍ਰੇਰਕ ਬਣ ਗਿਆ।

ਸੈਂਟਰ ਵੱਲੋਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਨਿਯਮਤ ਡੇ ਸੈਂਟਰ ਸੇਵਾਵਾਂ ਮੁਫ਼ਤ ਰੂਪ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇੱਥੇ ਸਮਾਜਿਕ ਪਰਸਪਰ ਸੰਪਰਕ ਨੂੰ ਵਧਾਉਣ, ਯਾਦਸ਼ਕਤੀ ਅਤੇ ਰਚਨਾਤਮਕਤਾ ਨੂੰ ਉਤੇਜਿਤ ਕਰਨ ਵਾਲੀਆਂ ਗਤੀਵਿਧੀਆਂ ਅਤੇ ਨਿੱਜੀ ਵਿਕਾਸ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਂਦੇ ਹਨ। ਸੈਂਟਰ ਦੀ ਸਮਰਪਿਤ ਟੀਮ ਵੱਖ ਵੱਖ ਭਾਈਚਾਰਿਆਂ ਨਾਲ ਸੰਬੰਧਿਤ ਬਜ਼ੁਰਗਾਂ ਸਮੇਤ ਹਰੇਕ ਵਿਅਕਤੀ ਦੀਆਂ ਜ਼ਰੂਰਤਾਂ ਅਨੁਸਾਰ ਦੇਖਭਾਲ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ, ਜਿਸ ਨਾਲ ਹਾਜ਼ਰੀਨਾਂ ਦੀ ਤੰਦਰੁਸਤੀ ਅਤੇ ਆਤਮ-ਵਿਸ਼ਵਾਸ ਵਿੱਚ ਵਾਧਾ ਹੁੰਦਾ ਹੈ। ਪ੍ਰਬੰਧਕ ਬਲਜੀਤ ਸਿੰਘ ਨੇ ਇਹ ਵੀ ਦੱਸਿਆ ਕਿ ਸੰਸਥਾ ਵਿੱਚ ਇੱਕ ਜੀਵੰਤ ਅਤੇ ਸਮਾਵੇਸ਼ੀ ਕਾਰਜ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਤਿਉਹਾਰਾਂ, ਖ਼ਾਸ ਬਜ਼ੁਰਗਾਂ ਦੇ ਖਾਸ ਦਿਨਾਂ ਅਤੇ ਕਰਮਚਾਰੀਆਂ ਦੇ ਜਨਮਦਿਨਾਂ ਵਰਗੇ ਮੌਕਿਆਂ ਨੂੰ ਮਿਲਜੁਲ ਕੇ ਮਨਾਉਣ ਨਾਲ ਟੀਮ ਦੇ ਮੈਂਬਰਾਂ ਵਿੱਚ ਆਪਸੀ ਸਹਿਯੋਗ ਅਤੇ ਭਾਈਚਾਰੇ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ। ਕਰਮਚਾਰੀਆਂ ਦੀ ਭਲਾਈ ਅਤੇ ਪੇਸ਼ੇਵਰ ਵਿਕਾਸ ਦੇ ਨਾਲ-ਨਾਲ ਮਨੁੱਖੀ ਸਬੰਧਾਂ ਦੀ ਕਦਰ ਕਰਨਾ ਸੰਸਥਾ ਦੀ ਨੀਤੀ ਦਾ ਅਹਿਮ ਹਿੱਸਾ ਹੈ।ਕੁੱਲ ਮਿਲਾ ਕੇ, ਵੈਲੇਨਟਾਈਨ ਡੇ ਦਾ ਇਹ ਸਮਾਗਮ ਸੈਂਟਰ ਵਿੱਚ ਮੌਜੂਦ ਸਭ ਲਈ ਖੁਸ਼ੀਆਂ ਅਤੇ ਯਾਦਗਾਰ ਪਲ ਲੈ ਕੇ ਆਇਆ ਅਤੇ ਭਾਈਚਾਰੇ ਦੀ ਏਕਤਾ ਦਾ ਸੁੰਦਰ ਉਦਾਹਰਨ ਬਣਿਆ।

ਕਰਤਾਰ ਕਾਨਵੈਂਟ ਸਕੂਲ ਦੇ ਬੱਚਿਆਂ ਦਾ ਗਣਿਤ ਅਤੇ ਸਾਇੰਸ ਵਿੱਚ ਸ਼ਾਨਦਾਰ ਪ੍ਰਦਰਸ਼ਨ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਕਰਤਾਰ ਕਾਨਵੈਂਟ ਸਕੂਲ, ਪ੍ਰਿੰਸ ਕਲੋਨੀ, ਗਲੀ ਨੰਬਰ 1, 33 ਫੁੱਟ ਰੋਡ, ਮੁੰਡੀਆਂ ਕਲਾਂ, ਲੁਧਿਆਣਾ ਦੇ ਤੀਜੀ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਗਣਿਤ ਅਤੇ ਸਾਇੰਸ ਉਲੰਪੀਆਡ ਮੁਕਾਬਲਾ ਕਰਵਾਇਆ ਗਿਆ । ਇਸ ਮੁਕਾਬਲੇ ਵਿੱਚ 34 ਬੱਚਿਆਂ ਨੇ ਭਾਗ ਲਿਆ । ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ । 8 ਬੱਚਿਆਂ ਨੇ ਗਣਿਤ ਅਤੇ ਸਾਇੰਸ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨੇ ਦਾ ਤਗਮਾ ਹਾਸਲ ਕੀਤਾ । ਪੰਜ ਬੱਚਿਆਂ ਨੇ ਦੂਜਾ ਸਥਾਨ ਹਾਸਲ ਕਰਕੇ ਚਾਂਦੀ ਦਾ ਤਗਮਾ ਹਾਸਲ ਕੀਤਾ । ਦੋ ਬੱਚਿਆਂ ਨੇ ਤੀਜਾ ਸਥਾਨ ਹਾਸਲ ਕਰਕੇ ਕਾਂਸੀ ਦਾ ਤਗਮਾ ਹਾਸਲ ਕੀਤਾ । ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਇਸ ਕਾਮਯਾਬੀ ਲਈ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਆ ।

ਰੇਲ ਕੋਚ ਫੈਕਟਰੀ ਵਿੱਚ 83ਵੀਂ ਆਲ ਇੰਡੀਆ ਰੇਲਵੇ ਮੈਨ ਹਾਕੀ ਚੈਂਪੀਅਨਸ਼ਿਪ (ਲੀਗ ਚਰਨ) ਦੀ ਸ਼ੁਰੂਆਤ

ਕਪੂਰਥਲਾ, (ਕੌੜਾ)-ਰੇਲ ਕੋਚ ਫੈਕਟਰੀ, ਕਪੂਰਥਲਾ ਸਥਿਤ ਐਸਟ੍ਰੋਟਰਫ ਹਾਕੀ ਸਟੇਡਿਅਮ ਵਿੱਚ ਅੱਜ 83ਵੀਂ ਆਲ ਇੰਡੀਆ ਰੇਲਵੇ ਮੈਨ ਹਾਕੀ ਚੈਂਪੀਅਨਸ਼ਿਪ (ਲੀਗ ਚਰਨ) ਦਾ ਸ਼ੁਭ ਆਰੰਭ ਹੋਇਆ। ਇਸ ਪ੍ਰਤਿਸ਼ਠਿਤ ਰਾਸ਼ਟਰੀ ਪੱਧਰ ਦੀ ਹਾਕੀ ਪ੍ਰਤਿਯੋਗਿਤਾ ਵਿੱਚ ਦੇਸ਼ ਭਰ ਤੋਂ 9 ਰੇਲਵੇ ਟੀਮਾਂ ਭਾਗ ਲੈ ਰਹੀਆਂ ਹਨ, ਜਿਨ੍ਹਾਂ ਵਿੱਚ ਕਈ ਓਲੰਪਿਕ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਆਪਣੀ ਹਾਕੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ। ਚੈਂਪੀਅਨਸ਼ਿਪ ਵਿੱਚ ਸ਼ਾਮਲ ਟੀਮਾਂ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ ਹੈ। ਗਰੁੱਪ 'ਬੀ' ਵਿੱਚ ਨਾਰਦਰਨ ਰੇਲਵੇ, ਨਵੀਂ ਦਿੱਲੀ; ਸੈਂਟ੍ਰਲ ਰੇਲਵੇ, ਮੁੰਬਈ; ਇੰਟੀਗ੍ਰਲ ਕੋਚ ਫੈਕਟਰੀ, ਚੇਨਈ ਅਤੇ ਈਸਟਰਨ ਰੇਲਵੇ, ਕੋਲਕਾਤਾ ਦੀਆਂ ਟੀਮਾਂ ਸ਼ਾਮਲ ਹਨ। ਇਸੇ ਤਰ੍ਹਾਂ ਗਰੁੱਪ 'ਡੀ' ਵਿੱਚ ਵੈਸਟਰਨ ਰੇਲਵੇ, ਮੁੰਬਈ; ਸਾਊਥ ਈਸਟ ਸੈਂਟ੍ਰਲ ਰੇਲਵੇ, ਬਿਲਾਸਪੁਰ; ਬਨਾਰਸ ਲੋਕੋਮੋਟਿਵ ਵਰਕਸ, ਬਨਾਰਸ; ਸਾਊਦਰਨ ਰੇਲਵੇ, ਚੇਨਈ ਅਤੇ ਮੇਜ਼ਬਾਨ ਰੇਲ ਕੋਚ ਫੈਕਟਰੀ, ਕਪੂਰਥਲਾ ਦੀਆਂ ਟੀਮਾਂ ਸ਼ਾਮਲ ਹਨ।

ਇਸ ਚੈਂਪੀਅਨਸ਼ਿਪ ਦਾ ਉਦਘਾਟਨ ਭਾਰਤੀ ਰੇਲਵੇ ਹਾਕੀ ਟੀਮ ਦੇ ਚੋਣਕਾਰ ਅਤੇ ਓਲੰਪਿਕ ਖਿਡਾਰੀ ਸ਼੍ਰੀ ਬਲਵਿੰਦਰ ਸਿੰਘ ਸ਼ਮੀ ਵੱਲੋਂ ਕੀਤਾ ਗਿਆ। ਇਸ ਮੌਕੇ 'ਤੇ ਸ਼੍ਰੀ ਕੇ. ਐਸ. ਅਸਲਾ, ਪ੍ਰਧਾਨ, ਆਰ ਸੀ ਐਫ ਸਪੋਰਟਸ ਐਸੋਸੀਏਸ਼ਨ ਸਮੇਤ ਐਸੋਸੀਏਸ਼ਨ ਦੇ ਅਹੁਦੇਦਾਰ, ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਅਤੇ ਦਰਸ਼ਕ ਮੌਜੂਦ ਰਹੇ।

ਲੀਗ ਚਰਨ ਦੇ ਪਹਿਲੇ ਮੁਕਾਬਲੇ ਵਿੱਚ ਨਾਰਦਰਨ ਰੇਲਵੇ, ਨਵੀਂ ਦਿੱਲੀ ਨੇ ਇੰਟੀਗ੍ਰਲ ਕੋਚ ਫੈਕਟਰੀ, ਚੇਨਈ ਨੂੰ ਕੜੇ ਮੁਕਾਬਲੇ ਵਿੱਚ 3-2 ਨਾਲ ਹਰਾਇਆ। ਦੂਜੇ ਮੁਕਾਬਲੇ ਵਿੱਚ ਵੈਸਟਰਨ ਰੇਲਵੇ, ਮੁੰਬਈ ਨੇ ਬਨਾਰਸ ਲੋਕੋਮੋਟਿਵ ਵਰਕਸ, ਬਨਾਰਸ ਨੂੰ 12-1 ਦੇ ਵੱਡੇ ਅੰਤਰ ਨਾਲ ਪਰਾਜਿਤ ਕੀਤਾ। ਤੀਜਾ ਮੁਕਾਬਲਾ ਮੇਜ਼ਬਾਨ ਰੇਲ ਕੋਚ ਫੈਕਟਰੀ, ਕਪੂਰਥਲਾ ਅਤੇ ਸਾਊਥ ਈਸਟ ਸੈਂਟ੍ਰਲ ਰੇਲਵੇ, ਬਿਲਾਸਪੁਰ ਦਰਮਿਆਨ ਖੇਡਿਆ ਗਿਆ, ਜਿਸ ਵਿੱਚ ਮੇਜ਼ਬਾਨ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਬਿਲਾਸਪੁਰ ਟੀਮ ਨੂੰ 3-1 ਨਾਲ ਹਰਾਇਆ।

ਚੈਂਪੀਅਨਸ਼ਿਪ ਦੇ ਆਉਣ ਵਾਲੇ ਮੁਕਾਬਲਿਆਂ ਨੂੰ ਲੈ ਕੇ ਦਰਸ਼ਕਾਂ ਵਿੱਚ ਖਾਸ ਉਤਸ਼ਾਹ ਵੇਖਿਆ ਜਾ ਰਿਹਾ ਹੈ ਅਤੇ ਅਗਲੇ ਦਿਨਾਂ ਵਿੱਚ ਰੋਮਾਂਚਕ ਹਾਕੀ ਮੁਕਾਬਲਿਆਂ ਦੀ ਉਮੀਦ ਕੀਤੀ ਜਾ ਰਹੀ ਹੈ।

ਸ਼੍ਰੀ ਤਾਰਾ ਚੰਦ ਵਿੱਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਲਈ ਇਤਿਹਾਸਕ ਉਪਲਬਧੀ - ਸੀ.ਬੀ.ਐਸ.ਈ. ਵੱਲੋਂ ਮਿਲੀ ਅਧਿਕਾਰਿਕ ਮਾਨਤਾ

ਭੀਖੀ (ਕਮਲ ਜਿੰਦਲ) ਸਥਾਨਕ ਇਲਾਕੇ ਲਈ ਗੌਰਵ ਦਾ ਵਿਸ਼ਾ ਹੈ ਕਿ ਸਕੂਲ ਨੂੰ ਕੇਂਦਰੀ ਮਾਧਿਮਿਕ ਸਿੱਖਿਆ ਬੋਰਡ (ਸੀ.ਬੀ.ਐਸ.ਈ.), ਨਵੀਂ ਦਿੱਲੀ ਵੱਲੋਂ ਅਧਿਕਾਰਿਕ ਤੌਰ 'ਤੇ ਐਫੀਲੀਏਸ਼ਨ ਪ੍ਰਦਾਨ ਕੀਤੀ ਗਈ ਹੈ। ਸਕੂਲ ਦਾ ਐਫਿਲੀਏਸ਼ਨ ਨੰਬਰ 1631594 ਜਾਰੀ ਕੀਤਾ ਗਿਆ ਹੈ।

ਇਸ ਖੁਸ਼ਖਬਰੀ ਦਾ ਐਲਾਨ ਸੰਸਥਾ ਦੇ ਪੈਟਰੋਨ ਡਾ. ਯਸ਼ਪਾਲ ਸਿੰਗਲਾ, ਪ੍ਰਧਾਨ ਬ੍ਰਿਜ ਲਾਲ ਅਤੇ ਸ਼੍ਰੀ ਸਤੀਸ਼ ਕੁਮਾਰ (ਮੈਨੇਜਰ) ਵੱਲੋਂ ਕੀਤਾ ਗਿਆ। ਇਸ ਮੌਕੇ ਸਕੂਲ ਮੈਨੇਜਿੰਗ ਕਮੇਟੀ ਦੇ ਐਡਵੋਕੇਟ ਮਨੋਜ ਕੁਮਾਰ (ਵਾਈਸ ਪ੍ਰਧਾਨ), ਐਡਵੋਕੇਟ ਗਗਨਦੀਪ ਸਿੰਘ, ਡਾ. ਗੌਰਵ ਗਰਗ, ਸ਼੍ਰੀ ਜਗਦੀਪ ਸਿੰਘ, ਸ਼੍ਰੀ ਅਸ਼ੋਕ ਜੈਨ, ਸ਼੍ਰੀ ਰਾਕੇਸ਼ ਕੁਮਾਰ, ਸ਼੍ਰੀ ਕੁਲਵਿੰਦਰ ਸਿੰਘ ,ਸ਼੍ਰੀ ਦਿਨੇਸ਼ ਕੁਮਾਰ, ਦੀਦੀ ਨੀਲਮ ਮਨਚੰਦਾ ਸਮੇਤ ਮੌਜੂਦਾ ਪ੍ਰਿੰਸੀਪਲ ਰਪਿੰਦਰ ਪਟਿਆਲ ਅਤੇ ਉੱਤਰ ਖੇਤਰ ਸ਼ਿਸ਼ੂ ਵਾਟਿਕਾ ਇੰਚਾਰਜ ਦੀਦੀ ਸੰਗੀਤਾ ਸ਼ਰਮਾ ਹਾਜ਼ਰ ਰਹੇ। ਮੰਚ ਸੰਚਾਲਨ ਕੋਆਰਡੀਨੇਟਰ ਪੂਨਮ ਸ਼ਰਮਾ ਵੱਲੋਂ ਕੀਤਾ ਗਿਆ। ਇਸ ਉਪਲਬਧੀ ਵਿੱਚ ਪੂਰਵ ਪ੍ਰਿੰਸੀਪਲ ਸ਼੍ਰੀ ਸੰਜੀਵ ਕੁਮਾਰ ਦੇ ਮਹੱਤਵਪੂਰਨ ਯੋਗਦਾਨ ਨੂੰ ਵੀ ਯਾਦ ਕੀਤਾ ਗਿਆ, ਜਿਨ੍ਹਾਂ ਦੀ ਮਿਹਨਤ, ਦੂਰਦਰਸ਼ਤਾ ਅਤੇ ਸਮਰਪਣ ਨੇ ਇਸ ਐਫੀਲੀਏਸ਼ਨ ਲਈ ਮਜ਼ਬੂਤ ਬੁਨਿਆਦ ਤਿਆਰ ਕੀਤੀ। ਸੀ.ਬੀ.ਐ ਸ.ਈ. ਐਫੀਲੀਏਸ਼ਨ ਮਿਲਣ ਨਾਲ ਸਕੂਲ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਮੌਕੇ ਵਿਦਿਆਰਥੀਆਂ ਅਤੇ ਸਟਾਫ ਵਿੱਚ ਮਿਠਾਈ ਵੰਡ ਕੇ ਇਸ ਉਪਲਬਧੀ ਦਾ ਜਸ਼ਨ ਮਨਾਇਆ ਗਿਆ। ਸਮੂਹ ਸਕੂਲ ਪ੍ਰਬੰਧਕ ਕਮੇਟੀ ਨੇ ਅਧਿਆਪਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਫਲਤਾ ਸਾਂਝੀ ਮਿਹਨਤ, ਅਨੁਸ਼ਾਸਨ ਅਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਤੀ ਵਚਨਬੱਧਤਾ ਦਾ ਨਤੀਜਾ ਹੈ । ਉਹਨਾਂ ਨੇ ਸਮੂਹ ਇਲਾਕਾ ਵਾਸੀਆਂ, ਬੱਚਿਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਉੱਚ ਮਿਆਰੀ ਸਿੱਖਿਆ ਦੇਣ ਦਾ ਭਰੋਸਾ ਦਿੱਤਾ।

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005 (2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਏ ਜਾਂ ਹੋਏ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੱਕ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖ਼ੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਮਜ਼ੋਰ, ਅੱਗਾ ਦਿੱਚ ਪਾਣੀ ਭਰਨਾ, ਚੁੱਲ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਝੁਰੜੀਆਂ ਅਤੇ ਸ਼ਾਦੀਆ, ਚੱਕਰਾਂ ਦਾ ਦਰਦ, ਮਸੂੜਿਆਂ ਵਿਚੋਂ ਖ਼ੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖ਼ੂਨ ਦੀ ਬੀਮਾਰੀਆਂ, ਮਲਦੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖ਼ੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖੜਾਬ-ਨੀਂਦ, ਕਮਜ਼ੋਰੀਰਗਤ (Anaemia), ਭਾਰ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਖੋਹਿਲੀ (Depression).

{ ਖੁਜਲੀ Eczema ਜਾਂ ਸੋਰਾਈਸਿਜ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖ਼ੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਟ, ਉਦੀਦ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ਫੈਲਾਰੀ ਨੁਸਖਾ- -------- 1 ਮਹੀਨੇ ਦੀ ਕੀਮਤ £35
2) ਸ਼ੁਕਰਾਣੂ ਦਾ ਮੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ £35
3) ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ £40
4) ਲੰਮੇ ਸਮੇਂ ਤੋਂ ਹੱਥ ਲਾਈ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ £35
5) ਗਲਤਫ਼ਹਮੀਆਂ ਕਾਰਨ ਜਿੰਗ ਕਮਜ਼ੋਰ, ਨੱਸ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ £35
6) ਨਸਿਆਂ ਕਾਰਨ ਸਰੀਰਕ ਕੰਜ਼ਰੋਰ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ £30
7) ਬੁਢਾਪੇਂਸ਼ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ £25
8) ਸਰੀਰਕ ਅਤੇ ਜਿੰਗ ਦੀਆਂ ਨਸਾਂ ਦੀ ਕਮਜ਼ੋਰੀ ਲਈ ਰੋਜ਼- -------- 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਸਫੇਦ ਵੀਰਜ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਜਲਨ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਗ ਉਤੇ ਸਖਤ ਜ਼ਖਮ, SPERMATIC ਗ੍ਰੰਥੀ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਸਨਸਨਾ ਵਰਗੇ ਹੋਰ ਗੁਪਤ ਬੀਮਾਰੀਆਂ ਦਾ ਇਲਾਜ ਵੀ ਅਸੀਂ ਹਾਸਲੀਕਰਦ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ਼ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਸਿਕੋਰੀਆ ਪਰਦਰ (ਚਰੇਦ ਪਾਣੀ), ਛਾਤੀਆਂ ਦਾ ਸੁੱਜਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਕੰਬਣੀ, ਦੁਧ ਬੰਦ, ਬੱਚੇਦਾਨੀ (Uterus) ਵਿਚੋਂ ਵਾਧੂ ਦਾ ਸਰਨਾ (Physometra) ਜਾਂ ਬੱਚੇਦਾਨੀ ਖ਼ੁਨ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿਚ ਗਲੀਲੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿਚ ਗਲਜ਼ੇ (Ovarian Cysts), ਯੋਨੀ ਦੀ ਇਕਸਮਰ ਸੁੰਕੜਾਹ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਜਿੰਗ ਭੋਗ ਸਮੇਂ ਸੁਖਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P) AND (NUTRI.)

ਔਰਤਾਂ ਲਈ ਖੁਸ਼ਬਤੀ ਭੋਹਣੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਰਾਂ ਪੰਫਿਲਟ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਢਿੱਲੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖ਼ੁਸ਼ਕੀ ਅਤੇ ਸਮਾਨ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ 'ਚ ਵਾਧਾ ਕਰਕੇ ਕੁਦਰਤੀ ਅਨੰਦ ਪ੍ਰਦਾਨ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨਾ ਹੱਡੀਆਂ ਦੀਨਾ ਬਰਕਲੀਫ਼ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਲੇਟ ਵਰਗਾ ਸੋਹਣਾ ਚੰਨਾਂ ਵਰਗਾ ਚਮੜਾ ਨੂੰ ਸਫ਼ਲ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES) ਬਹੁ ਵਧੀ ਉਮਰ ਵਿਚ ਘਟ ਵਧੀ ਹਾਰਮੋਨਸ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਰਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਨਦਾਰ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਰਮਾਤੀਲਾਰਾ, ਮੁਖ ਦੀ ਬਦਬੂ (ANAEMIA) ਵਿਚ ਫਸਤੀ ਲਈ ਲੋਕਾਂਦੇ ਫੇਫੜਾ ਦੀ ਪੁਰਾਣੀ ਕਮਜ਼ੋਰੀ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਬਤੀ ਭੋਹਣੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਖ਼ੋਹਣਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਸ਼ੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਸ਼ੀ ਨੂੰ ਰੋਗਰ (ਘੋੜੇ ਪੋਰ) ਜਿਹਤੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਬਹਾਦਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਤਾਸ਼ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਖ਼ੁਸ਼ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੂ ਵਾਂਗ ਕੰਮ ਕਰਦੇ ਹਨ)

PILAES (IN OINTMENT) - ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖ਼ੂਨਾ ਵਿਚ ਖ਼ੁਜਲੀ ਅਤੇ ਜਲਨ ਤੋਂ ਆਰਾਮ £19

NURALACO (IN OINTMENT OR LOTION) --- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ ----- £19

CHILLAGA (IN OINTMENT OR LOTION) ---ਠੰਢ ਕਾਰਣ ਹੋਏ ਹੋਰ ਚੀਜ਼ਾਂ ਉਤਪਾਦ ਦਾ ਦਰਦ ਤੇ ਸਿਰ ਤੋਂ ਆਰਾਮ £19

ARNSTRA (IN OINTMENT) ------- ਦਰਦ, ਸੋਜ (SPRAINS) ਚੋਟਾਂ ਸੱਟ ਨਾਲ ਹੋਏ ਜਖਮਾਂ ਜਾ (BED SORES) ਨੂੰ ਆਰਾਮ £19

BELINFLA (IN OIL OR OINTMENT) ---ਨਸਾਂ, ਪੱਠਿਆਂ ਅਤੇ ਸੋਜਾਂ ਵਿਚ ਸਿਰ, ਲਾਨਾਂ ਤੇ ਖਿਚ ਦਰਦ ਨੂੰ ਆਰਾਮ £19

BELULCE (IN OIL) ---- ਮੰਦ ਸੰਭਾਲ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ---------- £19

BRYJOIN (IN OIL) -ਜੋੜਾ ਦਾ ਦਰਦਰ, ਵਾਯੂ ਰੋਗ ਨਾਲ ਗਠੜਯਾਨ ਵਿਚ ਅਤੇ ਜੋੜਾਂ 'ਚ ਅਕੜਾਹਟ ਨੂੰ ਆਰਾਮ £19

CALWOUN (IN OIL OR OINTMENT) --- ਸੱਟ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਹਤ ਦਰਦਾਂ ਤੋਂ ਆਰਾਮ £19

BURCAN (IN LOTION OR OINTMENT)-- ਚਿਹਰੇ ਦੀ ਚਰਬੀ ਮਸਾਣ ਦੇ ਦਰਦਾ ਅਤੇ ਛਾਲਿਆਂ ਤੋਂ ਸੁਰੱਖਿਆ ਆਰਾਮ --- £19

ROUTUM (IN OINTMENT) -- ਸਰੀਰ ਦੇ ਚਿਹਰੇ ਦੀ ਚਿੱਟੇ ਵਿਚ ਕਿਸਟੀਨਾਂ ਦੀ ਸਿਰ ਅਤੇ ਦਰਦਾਂ ਤੋਂ ਆਰਾਮ ---- £19

JOINRHU (IN OIL) -- ਜੋੜਾ ਦੇ ਦਰਦਾ, ਸਿਰ ਸੱਟਾਂ ਦਰਦਾਂ, ਪੱਠਾ ਪੈਣ ਅਤੇ ਰੋਮੇਟਾਇਡ ਬੀਮਾਰੀ ਦੀ ਸਿਰ ਤੋਂ ਆਰਾਮ £19

ASSSIL (IN LOTION) -- ਕਿਸਟੀਨਾਂ ਦਾ ਛੋਟੇ ਪੱਤਾ ਤੇ ਨਸ਼ਾ ਬਣ ਜਾਣ ਦੀ ਹਾਲਤ ਵਿਚ ਸੁਰੱਖਿਆ ਆਰਾਮ ---- £19

ITCSUL (IN OIL)---- ਸਰੀਰ ਉੱਤੇ ਚਿਹਰੇ ਦੀ ਚਰਬੀ ਦੀ ਖਾਰਸ਼ ਤੋਂ ਆਰਾਮ ---------- £19

WARTHU (IN OIL) -- ਹਰ ਤਰ੍ਹਾਂ ਦੇ ਖ਼ੁਸ਼ਕ, ਤਰ, ਸਮੇਤ ਜਾ ਚੌਲੀ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ --- £19

* HOMOEOPATHIC HEALTH CLINIC ਦੇ ਨਾ 'ਤੇ ਹੋਰ ਹੋਸਪਾਲ ਆਰਥਰਾ ਜਾਂ ਫੀਲਡ ਚਲਾਈ ਜਾਂਦੇ ।
(ਹਰ ਆਰਥਰਾ ਲਾਗ £10 ਹਿੰਦਿਕ ਤੇ ਹੋਸਪੋਸ ਕਰੋ)

ਹਰ ਤਰ੍ਹਾਂ ਦੇ ਲਿਸਾਂ ਅਤੇ ਉਮਰਾ ਨਾਲ ਸਰੀਰ 'ਚ ਪਏ ਨੁਕਸ ਤੋਂ ਮੁਕੰਮਲ ਛੁਟਕਾਰਾ ਪੱਕ ਸਾਨਦਾਰੀ ਲਈ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਦੋ ਨੌਜਵਾਨ ਨਸ਼ੇ ਦੀ ਓਵਰਡੋਜ ਲੈਣ ਕਾਰਨ ਇੱਕ ਦੀ ਮੌਤ ਇੱਕ ਨੂੰ ਬਚਾ ਲਿਆ ਗਿਆ

ਨਸ਼ਿਆਂ ਵਿਰੁੱਧ ਜੰਗ ਕਾਫੀ ਨਹੀਂ ਲੋਕਾਂ ਖੁਦ ਉਤਰਨ ਮੈਦਾਨ ਵਿੱਚ– ਪੀਟਰ

ਮਹਿਤਪੁਰ (ਪੱਤਰ ਪ੍ਰੇਰਕ) ਪਿੰਡ ਉਧੋਵਾਲ ਦੇ ਨੌਜਵਾਨ ਨਸ਼ੇ ਦੀ ਓਵਰ ਡੋਜ ਲੈਣ ਕਾਰਨ 22 ਸਾਲਾ ਜਸਬੀਰ ਜੱਸਾ ਪੁੱਤਰ ਤੀਰਥ ਦੀ ਮੌਤ ਹੋ ਗਈ ਅਤੇ ਲਵ ਦੀਪ ਸਿੱਧੂ ਪੁੱਤਰ ਮੱਖਣ ਨੂੰ ਕੋਸ਼ਿਸ਼ ਕਰਕੇ ਬਚਾ ਲਿਆ ਗਿਆ। ਮੌਕੇ ਉੱਪਰ ਪਹੁੰਚੇ ਐਸਐਚਓ ਮਹਿਤਪੁਰ ਨੇ ਮੌਕੇ ਉੱਪਰ ਪਹੁੰਚ ਕੇ ਲਾਸ਼ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ। ਲੋਕਾਂ ਵਿੱਚ ਇਨਾ ਵਿਰੋਧ ਸੀ ਨਸ਼ਾ ਤਸਕਰਾਂ ਨੂੰ ਘੇਰ ਕੇ ਮੌਕੇ ਤੇ ਪੁਲਿਸ ਨੂੰ ਫੜਾ ਦਿੱਤਾ। ਮੌਕੇ ਇਕੱਠੇ ਹੋਏ ਲੋਕਾਂ ਨੂੰ ਐਸ ਐਚ ਓ ਮਹਿਤਪੁਰ ਪੰਕਜ ਕੁਮਾਰ ਨੇ ਵਿਸ਼ਵਾਸ ਦਵਾਇਆ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਮਹਿਤਪੁਰ ਥਾਣੇ ਵਿੱਚ ਮ੍ਰਿਤਕ ਲੜਕੇ ਦੇ ਪਿਤਾ ਦੇ ਬਿਆਨਾਂ ਤੇ ਐਫ ਆਰ ਆਈ ਨੰਬਰ 28 ਧਾਰਾ 304 ਤਹਿਤ ਪਰਚਾ ਦਰਜ ਕਰ ਲਿਆ ਗਿਆ। ਪਿੰਡ ਵਿੱਚ ਕੁੱਝ ਜਰਾਈਮ ਪੇਸ਼ ਲੋਕ ਸਰਗਰਮ ਹਨ ਜਿਨ੍ਹਾਂ ਵੱਲੋਂ ਸ਼ਰੇਆਮ ਚਿੱਟਾ ਵੇਚਿਆ ਜਾ ਰਿਹਾ ਹੈ। ਜੇ ਕੋਈ ਇਸ ਦਾ ਵਿਰੋਧ ਕਰਦਾ ਹੈ ਤਾਂ ਉਸ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਪੈਦਾ ਹੋਈ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਗ੍ਰਾਮ ਪੰਚਾਇਤ ਉਧੋਵਾਲ ਵੱਲੋਂ ਮਜ਼ਦੂਰ ਕਿਸਾਨ

ਜਥੇਬੰਦੀਆਂ ਦੇ ਸਹਿਯੋਗ ਨਾਲ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਨਸ਼ਿਆਂ ਦੇ ਵਿਰੋਧ ਵਿੱਚ ਵੱਡਾ ਇਕੱਠ ਵਿੱਚ ਇੱਕ ਮਤਾ ਪਾਸ ਕਰਕੇ ਨਸ਼ਾ ਵੇਚਣ ਵਾਲਿਆਂ ਵੰਗਾਰਦਿਆਂ ਕਿਹਾ ਗਿਆ ਕਿ ਨਸ਼ੇ ਵੇਚਣ ਤੋਂ ਤੋਬਾ ਕਰ ਲੈਣ ਨਹੀਂ ਤਾਂ ਲੋਕ ਆਪਣੀ

ਜਵਾਨੀ ਨੂੰ ਬਚਾਉਣ ਲਈ ਨਸ਼ਾ ਵੇਚਣ ਵਾਲਿਆਂ ਨੂੰ ਨੱਥ ਪਾਉਣ-ਗੇ। ਇਸ ਮਤੇ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਨਸ਼ਿਆਂ ਦਾ ਵਿਰੋਧ ਕਰਨ ਲਈ ਮਤਾ ਪੇਸ਼ ਕੀਤਾ ਜਿਸ ਦਾ ਲੋਕਾਂ ਨੇ ਹੱਥ ਖੜੇ ਕਰਕੇ ਸਮਰਥਨ ਕੀਤਾ। ਇਸ ਮੌਕੇ ਪਿੰਡ ਦੀ ਸਰਪੰਚ ਅਨੂ ਪ੍ਰੇਮ, ਮਨਪ੍ਰੀਤ ਕੌਰ ਪੰਚ, ਲਖਬੀਰ ਠੋਲੀ , ਬੀਬੀ ਰਾਜਵਿੰਦਰ ਕੌਰ ਪੰਚ, ਲੰਬੜਦਾਰ ਪ੍ਰੇਮ,ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਕਸ਼ਮੀਰ ਮੰਡਿਆਲਾ, ਕਿਰਤੀ ਕਿਸਾਨ ਯੂਨੀਅਨ ਔਰਤ ਆਗੂ ਮਨਜੀਤ ਕੌਰ, ਸੁਰਜੀਤ ਕੌਰ ਮਾਨ, ਪਰਮਜੀਤ ਕੌਰ, ਇਸਤਰੀ ਜਾਗਰਿਤੀ ਮੰਚ ਦੀ ਜ਼ਿਲ੍ਹਾ ਪ੍ਰਧਾਨ ਅਨੀਤਾ ਸੰਧੂ, ਨੌਜਵਾਨ ਭਾਰਤ ਸਭਾ ਦੇ ਆਗੂ ਸੁਖਦੇਵ ਸਿੰਘ , ਪਿੰਡ ਬੁਲੰਦਾ ਦੀ ਪੰਚਾਇਤ ਵੱਲੋਂ ਸਰਬਜੀਤ ਸਾਗਰ ਅਤੇ ਸਾਬਕਾ ਸਰਪੰਚ ਰਾਜਵੀਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦਿਆਲ ਸਿੰਘ ਨੇ ਇੱਕ ਮੁੱਠ ਹੋ ਕੇ ਨਸ਼ਿਆਂ ਵਿਰੁੱਧ ਲੜਨ ਦਾ ਫੈਸਲਾ ਕੀਤਾ। ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਨਸ਼ਿਆ ਵਿਰੁੱਧ ਜੰਗ ਕਾਫੀ ਨਹੀਂ ਲੋਕਾਂ ਨੂੰ ਖੁਦ ਹੀ ਨਸ਼ਿਆਂ ਵਿਰੁੱਧ ਮੈਦਾਨ ਵਿੱਚ ਉਤਰਨਾ ਪਏਗਾ।

ਨਿਸਗਾ ਭਾਈਚਾਰੇ ਵੱਲੋਂ ਪਹਿਲੀ ਵਾਰ ਸਵਾਗਤੀ ਖੰਭੇ ਸਥਾਪਿਤ

ਸਵਾਗਤੀ ਖੰਭੇ ਚੁੱਕ ਕੇ ਸਥਾਪਿਤ ਕਰਦੇ ਹੋਏ ਨਿਸਗਾ ਭਾਈਚਾਰੇ ਦੇ ਮੈਂਬਰ।

ਵੈਨਕੂਵਰ, (ਮਲਕੀਤ ਸਿੰਘ) – ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਨਿਸਗਾ ਭਾਈਚਾਰੇ ਦੇ ਗਿੰਗੋਲਕ ਪਿੰਡ ਵਿੱਚ ਇੱਕ ਦਹਾਕੇ ਤੋਂ ਵੱਧ ਸਮੇਂ ਬਾਅਦ ਪਹਿਲੀ ਵਾਰ ਦੋ ਸਵਾਗਤੀ ਖੰਭੇ ਸਥਾਪਿਤ ਕੀਤੇ ਗਏ ਹਨ। ਇਸ ਮੌਕੇ ਭਾਈਚਾਰੇ ਦੀ ਏਕਤਾ, ਸਭਿਆਚਾਰ ਅਤੇ ਮਾਣ ਦਾ ਭਰਪੂਰ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਗਿੰਗੋਲਕ ਮੈਮੋਰਿਅਲ ਰਿਕਰੀਏਸ਼ਨ ਸੈਂਟਰ ਵਿੱਚ ਆਯੋਜਿਤ ਸਮਾਗਮ ਦੌਰਾਨ ਇਹ ਖੰਭੇ ਮੰਚ ਦੇ ਦੋਨੋਂ ਪਾਸਿਆਂ 'ਤੇ ਸਥਾਪਿਤ ਕੀਤੇ ਗਏ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ, ਬਜ਼ੁਰਗਾਂ, ਨੌਜਵਾਨਾਂ ਅਤੇ ਮਾਣਯੋਗ ਮਹਿਮਾਨਾਂ ਨੇ ਭਾਗ ਲਿਆ। ਭਾਈਚਾਰੇ ਦੇ ਆਗੂਆਂ ਅਨੁਸਾਰ, ਇਹ ਖੰਭੇ ਨਿਸਗਾ ਸਭਿਆਚਾਰ, ਇਤਿਹਾਸ ਅਤੇ ਪਹਿਚਾਣ ਦੇ ਪ੍ਰਤੀਕ ਹਨ। ਇਹ ਨਵੀਂ ਪੀੜ੍ਹੀ ਨੂੰ ਆਪਣੀ ਵਿਰ-ਾਸਤ ਨਾਲ ਜੋੜਨ ਵਿੱਚ ਮਦਦਗਾਰ ਸਾਬਤ ਹੋਣਗੇ। ਇਸ ਮੌਕੇ ਰਵਾਇਤੀ ਗੀਤ-ਸੰਗੀਤ, ਨ੍ਰਿਤ ਅਤੇ ਸੱਭਿਆਚਾਰਕ ਕਾਰਜਕ੍ਰਮ ਵੀ ਪੇਸ਼ ਕੀਤੇ ਗਏ। ਲੋਕਾਂ ਵੱਲੋਂ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕੀਤੀ ਗਈ।

for more news visit:
www.samajweekly.com

ਸੰਵੇਦਨਸ਼ੀਲ ਗਵਾਹਾਂ ਲਈ ਸੁਰੱਖਿਅਤ ਮਾਹੌਲ ਦੀ ਬਿਹਤਰੀਨ ਪਹਿਲ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਨਿਆਂਇਕ ਕੰਪਲੈਕਸ, ਹੁਸ਼ਿਆਰਪੁਰ ਵਿੱਚ ਅੱਜ ਨਿਆਂ ਪ੍ਰਕਿਰਿਆ ਨੂੰ ਹੋਰ ਸੰਵੇਦਨਸ਼ੀਲ, ਸੁਰੱਖਿਅਤ ਅਤੇ ਪੀੜਤ-ਹਿਤੈਸ਼ੀ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਤਹਿਤ ਵਲਨਰੇਬਲ ਵਿਟਨੈਸ ਡੈਪੋਜਿਸ਼ਨ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਸ ਕੇਂਦਰ ਦਾ ਉਦਘਾਟਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਡਿਵੀਜ਼ਨ ਦੇ ਪ੍ਰਸ਼ਾਸਨਿਕ ਜੱਜ ਜਸਟਿਸ ਮੀਨਾਕਸ਼ੀ ਆਈ ਮਹਿਤਾ ਵੱਲੋਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਨਿਆਂਇਕ

ਕੰਪਲੈਕਸ ਵਿਖੇ ਪਹੁੰਚਣ 'ਤੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ। ਜਸਟਿਸ ਮੀਨਾਕਸ਼ੀ ਆਈ ਮਹਿਤਾ ਨੇ ਦੱਸਿਆ ਕਿ ਇਸ ਕੇਂਦਰ ਦੀ ਸਥਾਪਨਾ ਦਾ ਉਦੇਸ਼ ਸੰਵੇਦਨਸ਼ੀਲ ਮਾਮਲਿਆਂ ਵਿਚ ਗਵਾਹਾਂ, ਵਿਸ਼ੇਸ਼ ਕਰਕੇ ਔਰਤਾਂ, ਬੱਚਿਆਂ ਅਤੇ ਕਮਜ਼ੋਰ ਵਰਗ ਨਾਲ ਸਬੰਧਤ ਪੀੜਤਾਂ ਨੂੰ ਸੁਰੱਖਿਅਤ, ਸਨਮਾਨਜਨਕ ਅਤੇ ਤਣਾਅ-ਮੁਕਤ ਵਾਤਾਵਰਣ ਵਿਚ ਬਿਆਨ ਦਰਜ ਕਰਵਾਉਣ ਦੀ ਸਹੂਲਤ ਪ੍ਰਦਾਨ ਕਰਨਾ ਹੈ। ਕੇਂਦਰ ਵਿਚ ਆਧੁਨਿਕ ਆਡੀਓ-ਵੀਡੀਓ ਰਿਕਾਰਡਿੰਗ ਪ੍ਰਣਾਲੀ, ਗੁਪਤਤਾ ਨੂੰ ਯਕੀਨੀ ਬਣਾਉਣ ਦੇ ਉਪਾਅ ਅਤੇ ਮਨੋਵਿਗਿਆਨਕ ਤੌਰ 'ਤੇ ਅਨੁਕੂਲ ਵਾਤਾਵਰਣ ਉਪਲਬੱਧ ਕਰਵਾਇਆ ਗਿਆ ਹੈ, ਜਿਸ ਨਾਲ ਗਵਾਹ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੇ ਬਿਆਨ ਦੇ ਸਕਣ। ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਜਸਟਿਸ ਮੀਨਾਕਸ਼ੀ ਆਈ. ਮਹਿਤਾ ਨੇ ਕਿਹਾ ਕਿ ਨਿਆਂ ਪ੍ਰਣਾਲੀ ਨੂੰ ਹੋਰ ਮਨੁੱਖੀ ਬਣਾਉਣਾ ਸਮੇਂ ਦੀ ਲੋੜ ਹੈ ਅਤੇ ਇਸ ਤਰ੍ਹਾਂ ਦੇ ਕੇਂਦਰ ਪੀੜਤਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜ਼ਿਲ੍ਹਾ ਅਤੇ ਸੈਸ਼ਨ ਜੱਜ ਰਾਜਿੰਦਰ ਅਗਰਵਾਲ ਨੇ ਕਿਹਾ ਕਿ ਇਹ ਸਹੂਲਤ ਨਿਆਂਇਕ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵਸ਼ਾਲੀ, ਪਾਰਦਰਸ਼ੀ ਅਤੇ ਸੰਵੇਦਨਸ਼ੀਲ ਬਣਾਉਣ ਵਿੱਚ ਸਹਾਈ ਸਿਧ ਹੋਵੇਗੀ।

ਕੈਨੇਡਾ ਦੀ ਮਹਿਲਾ ਸਪੀਡ ਸੁਕੇਟਿੰਗ ਟੀਮ ਨੇ ਮੁੜ ਜਿੱਤਿਆ ਸੋਨ ਤਮਗਾ

ਵੈਨਕੂਵਰ, (ਮਲਕੀਤ ਸਿੰਘ) – ਇਟਲੀ ਵਿੱਚ ਹੋ ਰਹੀਆਂ ਸਰਦ ਰੁੱਤ ਦੀਆਂ ਖੇਡਾਂ ਦੌਰਾਨ ਕੈਨੇਡਾ ਦੀ ਮਹਿਲਾ ਸਪੀਡ ਸੁਕੀਟਿੰਗ ਮੁਕਾਬਲੇ ਦੌਰਾਨ ਕਨੇਡਾ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲਗਾਤਾਰ ਦੂਜੀ ਵਾਰ ਸੋਨ ਤਮਗਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ ਹੈ। ਇਸ ਇਤਿਹਾਸਕ ਜਿੱਤ ਵਿੱਚ ਇਜ਼ਾਬੇਲ ਵਾਈਡਮੈਨ, ਵੈਲੇਰੀ ਮਾਲਤੇ ਅਤੇ ਈਵਨੀ ਬਲੋਡਿਨ ਨਾਂ ਦੀਆਂ ਖਿਡਾਰਣਾਂ ਨੇ ਪੂਰੀ ਦੌੜ ਦੌਰਾਨ ਇਕਸਾਰ ਰਫ਼ਤਾਰ ਬਣਾਈ ਰੱਖੀ ਅਤੇ ਆਖ਼ਰੀ ਪਲਾਂ ਵਿੱਚ ਮੁਕਾਬਲੇ-ਦਾਰ ਟੀਮਾਂ ਨੂੰ ਪਿੱਛੇ ਛੱਡ ਦਿੱਤਾ। ਖੇਡ ਮਾਹਿਰਾਂ ਅਨੁਸਾਰ ਟੀਮ ਦੀ ਯੋਜਨਾਬੱਧ ਤਿਆਰੀ, ਸਖ਼ਤ ਮਿਹਨਤ ਅਤੇ ਅਨੁਸ਼ਾਸਨ

ਜਿੱਤ ਪਿਛੋ ਖੁਸ਼ੀ ਦੇ ਅੰਦਾਜ਼ ਵਿੱਚ ਤਿੰਨੇ ਖਿਡਾਰਨਾ ਦੀ ਇੱਕ ਸਾਂਝੀ ਤਸਵੀਰ

ਇਸ ਕਾਮਯਾਬੀ ਦੇ ਮੁੱਖ ਕਾਰਨ ਰਹੇ। ਇਸ ਜਿੱਤ ਨਾਲ ਕੈਨੇਡਾ ਨੇ ਮਹਿਲਾ ਸਪੀਡ ਸਕੇਟਿੰਗ ਮੁਕਾਬਲਿਆਂ ਵਿੱਚ ਆਪਣਾ ਦਬਦਬਾ ਫਿਰ ਸਾਬਤ ਕਰ ਦਿਖਾਇਆ ਹੈ। ਕੈਨੇਡਾ ਭਰ ਵਿੱਚ ਇਸ ਜਿੱਤ ਨੂੰ ਲੈ ਕੇ ਖੁਸ਼ੀ ਦੀ ਲਹਿਰ ਦੌੜ ਗਈ ਹੈ। ਖੇਡ ਪ੍ਰੇਮੀ, ਸਮਾਜਿਕ ਸੰਸਥਾਵਾਂ ਅਤੇ ਸਰਕਾਰੀ ਅਧਿਕਾਰੀਆਂ ਵੱਲੋਂ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਜਾ ਰਹੀਆਂ ਹਨ।

ਮੋਗਾ ਰੈਲੀ ਨੂੰ ਲੈ ਕੇ ਗੁਰਪ੍ਰੀਤ ਗੁੱਜਰ ਵਲੋਂ 'ਆਪ' ਸਰਕਾਰ ਦੀ ਨਿੰਦਾ

ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ) ਮੋਗਾ 'ਚ ਆਮ ਆਦਮੀ ਪਾਰਟੀ ਦੀ 'ਯੁੱਧ ਨਸ਼ਿਆਂ ਵਿਰੁੱਧ' ਰੈਲੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਦੀ ਭੂਮਿਕਾ ਅਤੇ ਦਿੱਲੀ ਵਲੋਂ ਕਥਿਤ ਦਖਲਅੰਦਾਜ਼ੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਗੁਰਪ੍ਰੀਤ ਗੁੱਜਰ ਨੇ ਕਿਹਾ ਕਿ ਜੇਕਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਬਿਮਾਰ ਸਨ ਅਤੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਜਾਂਚ ਲਈ ਦਾਖਲ ਹੋਏ ਸਨ ਤਾਂ ਅਚਾਨਕ ਐਸਾ ਕੀ ਬਦਲ ਗਿਆ ਕਿ ਉਹ ਰਾਜਨੀਤਿਕ ਰੈਲੀ ਵਿਚ ਸ਼ਾਮਿਲ ਹੋਣ ਲਈ ਤਿਆਰ ਹੋ ਗਏ ਅਤੇ ਸਿੱਧੇ ਹਸਪਤਾਲ ਤੋਂ ਰੈਲੀ ਵਿੱਚ ਪਹੁੰਚੇ।

ਪਿੰਡ ਧਲੇਤਾ ਵਿਖੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਰਾਦੀਨਤਾ ਦਾ ਅੰਤ ਅਤੇ ਬੇਗਮਪੁਰੇ ਦਾ ਸੰਕਲਪ ਉਦੇਸ਼ ਨੂੰ ਹਾਸਲ ਕਰਨੇ ਲਈ ਸੱਦਾ ਦਿੱਤਾ -ਕਰੀਮਪੁਰੀ

ਫਿਲੌਰ(ਚਰਨਜੀਤ ਸੱਲ੍ਹਾਂ)ਪਿੰਡ ਧਲੇਤਾ ਜਿੱਥੇ ਪਿਛਲੇ ਦਿਨੀ 21 ਅਗਸਤ ਨੂੰ ਪੰਜਾਬ ਸਰਕਾਰ ਨੇ ਪੁਲਿਸ ਲਗਾ ਕੇ ਜੇਸੀਬੀ ਵੀ ਨਾਲ ਗੁਰੂ ਘਰ ਦੀਆਂ ਦੀਵਾਰਾਂ ਨੂੰ ਢਹਿ ਢੇਰੀ ਕੀਤਾ ਸੀ ਅਤੇ ਇੱਕ ਮਹੀਨਾ ਸੰਗਤ,ਬਸਪਾ ਅਤੇ ਸੰਤਾਂ ਮਹਾਂਪੁਰਸ਼ਾਂ ਨੇ ਇਸ ਲੜਾਈ ਨੂੰ ਜਿੱਤਿਆ ਸੀ ਅੱਜ ਉਸ ਧਰਤੀ ਤੇ ਸਮਾਗਮ ਕਰਕੇ ਆਪਣਾ ਰਾਜ ਸਥਾਪਿਤ ਕਰਨੇ ਤੇ ਗੁਲਾਮੀ ਦਾ ਅੰਤ ਕਰਨੇ ਦੀ ਦਿਸ਼ਾ ਵਿੱਚ ਅੱਗੇ ਵਧਣੇ ਦਾ ਸੱਦਾ ਦਿੰਦਿਆਂ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਕ੍ਰਾਂਤੀਕਾਰੀ ਸੰਤਾਂ ਦੀ ਰਹਿਨੁਮਾਈ ਹੇਠ ਬੇਗਮਪੁਰੇ ਦੀ ਸਿਰਜਣਾ ਲਈ ਸੰਗਤਾਂ ਨੂੰ ਅੱਗੇ ਆਉਣ ਲਈ ਕਿਹਾ ਉਨ੍ਹਾਂ ਤੁਗਲਕਾਵਾਦ ਵਾਰੇ ਵੀ ਜਾਣਕਾਰੀ ਦਿੱਤੀ ਕਿ ਸਾਡਾ ਗੁਰੂ ਜਿਥੇ ਕਿਰਾਏ ਦੇ ਮਕਾਨ ਵਿੱਚ ਰਹਿ ਰਹਿਆ ਹੈ ਇਹ ਆਪ ਪਾਰਟੀ, ਭਾਜਪਾ ਪਾਰਟੀ, ਕਾਂਗਰਸ ਪਾਰਟੀ ਅਤੇ ਅਕਾਲੀ ਦਲ ਸਭ ਇੱਕੋ ਹੀ ਹਨ ਇਹਨਾਂ ਦੇ ਪੱਗਾਂ ਦੇ ਰੰਗ ਬਦਲਦੇ ਹਨ ਦਿਮਾਗ ਵਿੱਚੋਂ ਇੱਕੋ ਹੀ ਹਨ। ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲਿਆਂ ਨੇ ਵੀ ਬਹੁਤ ਕ੍ਰਾਂਤੀਕਾਰੀ ਇਨਕਲਾਬੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਮਿਸ਼ਨ ਅਤੇ ਵਿਚਾਰਧਾਰਾ ਵਾਰੇ ਬਹੁਤ ਹੀ ਵਿਸਥਾਰ ਸਹਿਤ ਦੱਸ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਤੀਰਥ ਸਿੰਘ ਰਾਜਪੁਰਾ ਜਨਰਲ ਸਕੱਤਰ ਬਸਪਾ ਪੰਜਾਬ, ਖੁਸ਼ੀ ਰਾਮ ਸਰਪੰਚ ਇੰਚਾਰਜ ਫਿਲੌਰ, ਸੁਖਵਿੰਦਰ ਸਿੰਘ ਬਿੱਟੂ ਪ੍ਰਧਾਨ,ਲਾਲ ਚੰਦ ਔਜਲਾ ਇੰਚਾਰਜ ਫਿਲੌਰ, ਸੁਸ਼ੀਲ ਵਿਰਦੀ ਸੀਨੀਅਰ ਬਸਪਾ ਆਗੂ,ਜਿਨ੍ਹੇਂ ਵੀ ਜਿੱਤੇ ਹੋਏ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਾਕ ਸੰਮਤੀ ਮੈਂਬਰ ਅਤੇ ਸੰਗਤਾਂ ਦਾ ਬਹੁਤ ਇੱਕਠ ਸੀ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਮਾਰਚ ਦੀਆਂ ਚੋਣਾਂ: ਮੈਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੀਆਂ ਮਾਰਚ 2026 ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਪ੍ਰਧਾਨਗੀ ਲਈ ਚੋਣ ਲੜ ਰਿਹਾ ਹਾਂ। ਮੈਂ ਹੇਠ ਲਿਖੇ ਏਜੰਡੇ ਉੱਪਰ ਡਟ ਕੇ ਕੰਮ ਕਰਾਂਗਾ

1. ਇਸ ਤੱਥ ਨੂੰ ਸਾਰੇ ਵਿਸ਼ਵ ਵਿੱਚ ਸਥਾਪਤ ਕਰਨਾ ਹੈ ਕਿ ਪੰਜਾਬੀ ਭਾਸ਼ਾ ਦੀ ਇਤਿਹਾਸਕ, ਵਿਗਿਆਨਕ, ਢੁਕਵੀਂ ਅਤੇ ਅਧਿਕਾਰਿਕ ਲਿਪੀ ਗੁਰਮੁਖੀ ਹੈ।
2. ਸਾਡੇ ਪੰਜਾਬ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੀ ਤਰਜ ਉੱਪਰ ਪੰਜਾਬ ਵਿੱਚ ਕੰਮ ਕਰ ਰਹੇ ਸਾਰੇ ਕੇਂਦਰੀ ਬੋਰਡਜ਼ ਵਿੱਚ 10ਵੀਂ ਅਤੇ 12ਵੀਂ ਤੱਕ ਸਾਰੇ ਸਟ੍ਰੀਮ ਵਿੱਚ ਪੰਜਾਬੀ ਦਾ ਵਿਸ਼ਾ ਲਾਜ਼ਮੀ ਕੀਤਾ ਜਾਵੇ ਤਾਂ ਕਿ ਪੰਜਾਬ ਵਿੱਚ ਨੌਕਰੀ ਲੈਣ ਵਾਲੇ ਵਿਦਿਆਰਥੀ ਯੋਗ ਹੋ ਸਕਣ।
3. ਪ੍ਰਾਚੀਨ ਪੰਜਾਬੀ ਸੱਭਿਆਚਾਰ (ਗੀਤ, ਸੰਗੀਤ, ਸਾਹਿਤ, ਤੀਆਂ, ਨਾਟਕ, ਕਵੀਸ਼ਰੀ, ਬੋਲੀਆਂ, ਗਿੱਧਾ ਭੰਗੜਾ) ਨੂੰ ਮੁੜ ਸੁਰਜੀਤ ਕਰਨਾ।
4. ਪ੍ਰਾਚੀਨ ਪੰਜਾਬੀ ਕਿੱਸਿਆਂ ਨੂੰ ਮੁੜ ਸੁਰਜੀਤ ਕਰਨਾ।
5. ਦਾਮੋਦਰ ਦੀ ਹੀਰ ਨੂੰ ਮੁੜ ਸੁਰਜੀਤ ਕਰਨਾ।
6. ਸਾਰੀਆਂ ਪਾਰਟੀਆਂ ਦੇ ਰਾਜਨੇਤਾਵਾਂ ਕੋਲੋਂ ਪੰਜਾਬੀ ਸਾਹਿਤ ਅਕਾਦਮੀ ਲਈ ਫੰਡਜ ਲੈਣੇ।
7. ਪੰਜਾਬੀ ਸਾਹਿਤ ਅਕਾਦਮੀ ਦੇ ਹਿਸਾਬ ਕਿਤਾਬ ਨੂੰ ਮੁਕੰਮਲ ਪਾਰਦਰਸ਼ੀ ਬਣਾਉਣਾ।
8. ਗਰੀਬ ਸਾਹਿਤਕਾਰ ਜੋ ਆਪਣੀ ਪੁਸਤਕ ਨਹੀਂ ਛਪਵਾ ਸਕਦੇ ਉਹਨਾਂ ਨੂੰ ਮਾਲੀ ਮਦਦ ਦੇਣੀ।
9. ਪੰਜਾਬੀ ਸਾਹਿਤ ਅਕਾਦਮੀ ਦੇ ਹਾਲ ਨੂੰ ਸਾਹਿਤ ਸਭਾਵਾਂ ਦੇ ਸਮਾਗਮਾਂ ਲਈ ਛੋਟ ਦੇਣੀ ਅਤੇ ਭਾਸ ਵਿਭਾਗ ਪਟਿਆਲਾ ਵਾਂਗ ਕੇਵਲ ਟੋਕਨ ਮਨੀ ਹੀ ਪ੍ਰਾਪਤ ਕਰਨੀ।
10. ਸਾਹਿਤ ਅਕਾਦਮੀ ਵਿੱਚ ਖੁਲਾ ਆਉਟ ਡੋਰ ਨਾਟਕ ਥਿਏਟਰ ਸਥਾਪਿਤ ਕਰਨਾ।

11. ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡ ਉੱਪਰ ਇਲਾਕੇ ਦੇ ਸੰਬੰਧਤ ਸਾਹਿਤਕਾਰਾਂ ਦੇ ਵੱਡੇ ਚਿੱਤਰ ਸਥਾਪਿਤ ਕਰਵਾਉਣੇ।
12. ਸਮਾਜ ਵਿੱਚ ਫੈਲੀਆਂ ਸਮਾਜਿਕ ਬੁਰਾਈਆਂ ਦੇ ਵਿਰੁੱਧ ਅਵਾਜ਼ ਉਠਾਉਣੀ।
13. ਪੁਆਧੀ ਬੋਲੀ ਨੂੰ ਬਣਦਾ ਸਨਮਾਨ ਦੇਣਾ।
14. ਪੰਜਾਬੀ ਸਾਹਿਤ ਅਕਾਦਮੀ ਵਿੱਚ ਇੱਕ ਸਾਲ ਵਿੱਚ ਘੱਟੋ ਘੱਟ ਤਿੰਨ ਸਾਹਿਤਕ ਸਮਾਗਮ ਕਰਵਾਉਣੇ।
15. ਪੰਜਾਬ ਦੀਆਂ ਵੱਖ-ਵੱਖ ਥਾਵਾਂ ਉੱਪਰ ਮੈਂਬਰਸ਼ਿਪ ਲਈ ਕੈਂਪ ਲਗਾਉਣੇ।
16. ਹਰ ਇੱਕ ਰਜਿ. ਪੰਜਾਬੀ ਸਾਹਿਤ ਸਭਾ (ਪੰਜਾਬ ਵਿੱਚ ਅਤੇ ਪੰਜਾਬ ਤੋਂ ਬਾਹਰ), ਮੈਂਬਰ ਸੂਚੀ ਵਿੱਚ ਉਨ੍ਹਾਂ ਦੇ ਸੰਪਰਕ ਨੰਬਰ ਸਮੇਤ ਨਾਮ ਦਰਜ਼ ਕਰਨਾ।
17. ਸਾਹਿਤ ਅਕਾਦਮੀ ਵੱਲੋਂ ਔਰਤ ਸਾਹਿਤਕਾਰਾਂ ਨੂੰ ਵਿਸ਼ੇਸ਼ ਸਨਮਾਨ ਦੇਣੇ।
18. ਜੇਕਰ ਕਿਸੇ ਸਾਹਿਤਕਾਰ ਜਾਂ ਗੀਤਕਾਰ (ਸੱਭਿਆਚਾਰਕ) ਰੋਟੀ ਵੱਲੋਂ ਔਖਾ ਹੋਵੇ ਤਾਂ ਉਸਦੀ ਸਨਮਾਨ ਜਨਕ ਆਰਥਿਕ ਮਦਦ ਕਰਨੀ।
19. ਮੇਰੇ ਕੋਲ ਅਜਿਹੇ ਤਰੀਕੇ ਹਨ ਜਿਸ ਨਾਲ ਪੰਜਾਬੀ ਨੂੰ ਰੋਜ਼ਗਾਰ ਦੀ ਭਾਸ਼ਾ ਬਣਾਇਆ ਜਾ ਸਕਦਾ ਹੈ, ਮੈਂ ਇਹਨਾਂ ਤਰੀਕਿਆਂ ਨੂੰ ਅਕਾਦਮੀ ਵਿੱਚ ਪਹੁੰਚਣ ਤੇ ਅਸਾਨੀ ਨਾਲ ਲਾਗੂ ਕਰਵਾ ਸਕਦਾ ਹਾਂ।
20. 'ਪ੍ਰੀਤ ਨਗਰ' ਨੂੰ ਪ੍ਰੀਤ ਪਰਿਵਾਰ ਰਾਹੀਂ ਮੁੜ ਸੁਰਜੀਤ ਕਰਨਾ।

ਮੈਨੂੰ ਆਸ ਹੈ, ਤੁਸੀਂ ਉਪਰੋਕਤ 20 ਬਿੰਦੂਆਂ ਦੇ ਅਧਾਰ ਉੱਪਰ ਇੱਕ ਵਾਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਪ੍ਰਧਾਨਗੀ ਦੀ ਚੋਣ ਵਿੱਚ ਮੇਰਾ ਸਾਥ ਦੇਵੋਗੇ।

ਧੰਨਵਾਦ।
ਅਮਰ ਗਰਗ ਕਲਮਦਾਨ।
ਸੰਪਰਕ ਨੰਬਰ 9814341746

ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਤੇ ਗ੍ਰੇਟ ਬ੍ਰਿਟੇਨ ਵਲੋਂ ਅੱਖਾਂ ਅਤੇ ਜਨਰਲ ਬੀਮਾਰੀਆਂ ਦਾ ਲਗਾਇਆ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ

☞ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਸੈਂਕੜੇ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ

☞ ਕੈਂਪ ਦੌਰਾਨ ਚੁਣੇ ਗਏ 20 ਮਰੀਜ਼ਾਂ ਦੀਆਂ ਅੱਖਾਂ ਅਪ੍ਰੇਸ਼ਨ ਡਾ.ਐਸ ਰਾਜਨ ਵਲੋਂ ਕੀਤੇ ਜਾਣਗੇ

ਫਗਵਾੜਾ (ਚਰਨਜੀਤ ਸੱਲ੍ਹਾਂ) ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਤੇ ਗ੍ਰੇਟ ਬ੍ਰਿਟੇਨ ਅਤੇ ਡਾ.ਅੰਬੇਡਕਰ ਬੁਧਿੱਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ.) ਚੈਰੀਟੇਬਲ ਸੁੰਢ ਵਲੋਂ ਐਨ.ਆਰ.ਆਈਜ਼ ਵੀਰਾਂ ਅਤੇ ਵਰਲਡ ਕੈਂਸਰ ਕੇਅਰ (ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੇ ਸਹਿਯੋਗ ਨਾਲ ਅੱਖਾਂ ਬਿਮਾਰੀਆਂ ਫਰੀ ਚੈੱਕਅੱਪ ਅਤੇ ਅਪ੍ਰੇਸ਼ਨ ਕੈਂਪ ਡਾ.ਅੰਬੇਡਕਰ ਬੁਧਿੱਸਟ ਰਿਸੋਰਸ ਸੈਂਟਰ ਸੁੰਢ ਵਿਖੇ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਰਹਿਨੁਮਾਈ ਹੇਠ ਲੇਟ ਕਰਤਾਰ ਚੰਦ ਕਲੇਰ ਅਤੇ ਲੇਟ ਹਰਬਿਲਾਸ ਬੰਗੜ੍ਹ ਦੀ ਨਿੱਘੀ ਯਾਦ ਵਿੱਚ ਲਗਾਇਆ ਗਿਆ। ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸੁਰਿੰਦਰ ਝੱਲੀ ਅਤੇ ਜਰਮਨ ਸਿੰਘ ਯੂ.ਕੇ.ਸ਼ਾਮਲ ਹੋਏ, ਜਦ ਕਿ ਵਿਸ਼ੇਸ਼ ਮਹਿਮਾਨ ਵਜੋਂ ਧਰਮਪਾਲ ਬੰਗੜ੍ਹ, ਨਰੇਸ਼ ਬੰਗਾ, ਸ੍ਰੀਮਤੀ ਜੁਗਿੰਦਰ ਕੌਰ ਬੰਗੜ੍ਹ, ਸ੍ਰੀਮਤੀ ਮਹਿੰਦਰ ਕੌਰ ਬੰਗਾ, ਰਾਮਦਾਸ ਚਾਹਲ, ਜਸਵਿੰਦਰ ਤਲਵਣ ਯੂ.ਕੇ., ਚਰਨਜੀਤ, ਦੀਸ਼ਾ ਦਾਦਰਾ, ਸ੍ਰੀਮਤੀ ਸੁਮਿੱਤਰੀ ਦਾਦਰਾ, ਤਰਸੇਮ ਕੌਲ, ਤੇਜਿੰਦਰ ਝੱਲੀ, ਸ੍ਰੀਮਤੀ ਹਰਵਿੰਦਰ ਕੌਲ, ਪ੍ਰਭਦਿਆਲ ਰਾਮਪੁਰਾ ਸ਼ਾਮਲ ਹੋਏ।

ਕੈਂਪ ਦੀ ਸ਼ੁਰੂਆਤ ਭੰਤੇ ਵਿਨੇ ਥੇਰੋ ਨੇ ਪੰਚਸ਼ੀਲ ਅਤੇ ਤ੍ਰੀਸ਼ਣ ਦੇ ਉਚਾਰਣ ਨਾਲ ਕੀਤੀ। ਕੈਂਪ ਦਾ ਉਦਘਾਟਨ ਸੁਰਿੰਦਰ ਝੱਲੀ ਤੇ ਜਰਮਨ ਸਿੰਘ ਯੂ.ਕੇ. ਨੇ ਆਪਣੇ ਕਰ ਕਮਲਾ ਨਾਲ ਰੀਬਨ ਕੱਟ ਕੇ ਕੀਤਾ। ਮਾਹਿਰ ਡਾਕਟਰਾਂ ਦੀ ਟੀਮ ਵਲੋਂ 500 ਤੋਂ ਵੱਧ ਮਰੀਜ਼ਾਂ ਦਾ ਫਰੀ ਚੈੱਕਅੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਅਤੇ 200 ਲੋੜਵੰਦ ਮਰੀਜ਼ਾਂ ਨਜ਼ਰ ਵਾਲੀਆ ਐਨਕਾਂ ਫਰੀ ਦਿੱਤੀਆ ਗਈਆ। ਅੱਖਾਂ ਦੇ ਅਪ੍ਰੇਸ਼ਨ ਲਈ 20 ਚੁਣੇ ਗਏ ਮਰੀਜ਼ਾਂ ਦੇ ਅਪ੍ਰੇਸ਼ਨ ਡਾ. ਰਾਜਨ ਆਈਕੇਅਰ ਹਸਪਤਾਲ ਫਗਵਾੜਾ ਵਿਖੇ ਕੀਤੇ ਜਾਣਗੇ। ਇਸ ਮੌਕੇ ਸੇਵਾ ਸੁਸਾਇਟੀ ਬੰਗਾ (ਪੰਜਾਬ) ਵਲੋਂ ਲਗਾਏ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਦੌਰਾਨ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕਰਕੇ ਲੋੜਵੰਦਾਂ ਨੂੰ ਫਰੀ ਦਵਾਈਆਂ ਦੇਣ ਦੇ ਨਾਲ ਨਾਲ ਲੋੜਵੰਦ ਮਰੀਜ਼ਾਂ ਦਾ ਬੀ.ਪੀ., ਸ਼ੂਗਰ, ਈ.ਸੀ.ਜੀ. ਟੈਸਟ ਮੁਫ਼ਤ ਕੀਤੇ ਗਏ।

ਇਸ ਮੌਕੇ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੁਰਿੰਦਰ ਝੱਲੀ ਅਤੇ ਜਰਮਨ ਸਿੰਘ ਯੂ.ਕੇ. ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਕੀਤੇ ਜਾਣ ਵਾਲੇ ਨੇਕ ਕਾਰਜਾਂ ਵਿੱਚ ਸਾਨੂੰ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਲੋੜਵੰਦਾਂ ਦੀ ਵੱਧ ਤੋਂ ਵੱਧ ਮੱਦਦ ਕੀਤੀ ਜਾ ਸਕੇ। ਉਕਤ ਬੁਲਾਰਿਆ ਨੇ ਕਿਹਾ ਕਿ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਗ੍ਰੇਟ ਬ੍ਰਿਟੇਨ ਵਲੋਂ ਲੇਟ ਕਰਤਾਰ ਚੰਦ ਕਲੇਰ ਅਤੇ ਲੇਟ ਹਰਬਿਲਾਸ ਬੰਗੜ੍ਹ ਦੀ ਨਿੱਘੀ ਯਾਦ ਵਿੱਚ ਅੱਖਾਂ ਅਤੇ ਜਨਰਲ ਬੀਮਾਰੀਆਂ ਦਾ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਾ ਕੇ ਬਹੁਤ ਹੀ ਨੇਕ ਤੇ ਉੱਤਮ ਕਾਰਜ ਕੀਤਾ ਹੈ ਜਿਸ ਲਈ ਕਮੇਟੀ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਵਰਲਡ ਕੈਂਸਰ ਕੇਅਰ (ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੇ ਸਹਿਯੋਗ ਨਾਲ ਕੈਂਸਰ ਜਾਂਚ ਅਤੇ ਕੈਂਸਰ ਜਾਗਰੂਕਤਾ ਕੈਂਪ ਵੀ ਇਸੇ ਜਗ੍ਹਾ ਤੇ ਲਗਾਇਆ ਜਾਵੇਗਾ। ਇਸ ਮੌਕੇ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਐਡਵੋਕੇਟ ਕੁਲਦੀਪ ਭੱਟੀ ਨੇ ਆਏ ਹੋਏ ਐਨ.ਆਰ.ਆਈਜ਼, ਵਰਲਡ ਕੈਂਸਰ ਕੇਅਰ ਦੀ ਸਮੁੱਚੀ ਟੀਮ, ਸੇਵਾ ਸੁਸਾਇਟੀ ਬੰਗਾ ਦੇ ਮੈਂਬਰਾਂ, ਭਾਰਤੀਯ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੈਂਬਰਾਂ ਦਾ ਦਿੱਤੇ ਸਹਿਯੋਗ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਕਮੇਟੀ ਵਲੋਂ ਸਮਾਜ ਸੇਵਾ ਦੇ ਕਾਰਜ ਨਿਰੰਤਰ ਜਾਰੀ ਰੱਖੇ ਜਾਣਗੇ ਅਤੇ ਲੋੜਵੰਦਾਂ ਦੀ ਵੱਧ ਤੋਂ ਵੱਧ ਮੁਦਦ ਕੀਤੀ ਜਾਵੇਗੀ। ਇਸ ਮੌਕੇ ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ, ਵਾਈਸ ਪ੍ਰਿੰਸੀਪਲ ਅੰਜਲੀ, ਹਰਬਿਲਾਸ ਬਸਰਾ, ਇੰਦਰਜੀਤ ਅਟਾਰੀ, ਅਮਰ ਚੰਦ ਅਟਾਰੀ, ਮਹੇਸ਼ ਕੁਮਾਰ ਅਟਾਰੀ, ਹਰਮਨ ਸੰਧਵਾਂ, ਮਨਜੋਤ ਲੌਂਗੀਆ, ਬਲਦੀਸ਼ ਕੌਰ ਪੂੰਨੀਆ ਸੇਵਾ ਸੁਸਾਇਟੀ ਬੰਗਾ ਅਤੇ ਸਮੁੱਚੀ ਟੀਮ, ਸੋਢੀ ਰਾਮ ਝੱਲੀ, ਹਰਜਿੰਦਰ ਜੰਡਾਲੀ, ਬੀ.ਕੇ.ਰੱਤੂ, ਸੁਨੀਤਾ ਬੌਧ,ਦੇਸ ਰਾਜ ਬਸਰਾ, ਚਰਨਜੀਤ ਸਿੰਘ ਨੰਬਰਦਾਰ,ਸੁਲਿੰਦਰ ਹੀਰਾ ਆਦਿ ਮੌਜੂਦ ਸਨ।

ਤਸਵੀਰ ਸਮੇਤ

ਮਿੰਨੀ ਕਹਾਣੀ/ਪਵਿੱਤਰ ਰਿਸ਼ਤੇ ਕਾ਼ਲਾ ਦਾ਼ਗ

ਕਮਲ ਪਿੰਡ ਦੇ ਸਕੂਲ ਵਿੱਚੋਂ ਪਲੱਸ ਟੂ ਕਰਨ ਤੋਂ ਬਾਅਦ ਸ਼ਹਿਰ ਦੇ ਕਾਲਜ ਵਿੱਚ ਦਾਖਲਾ ਲੈ ਕੇ ਪੜ੍ਹਨ ਲੱਗ ਗਈ ਤੇ ਹਮੇਸ਼ਾ ਕਮਲ ਦੀ ਤਰ੍ਹਾਂ ਖਿੜ੍ਹੀ ਰਹਿੰਦੀ ਹਸੂੰ ਹਸੂੰ ਕਰਦਾ ਚਿਹਰਾ,ਇੱਲ ਦੇ ਆਂਡੇ ਵਰਗੀਆਂ ਮੋਟੀਆਂ ਮੋਟੀਆਂ ਟੂਣੇ ਹਾਰੀਆਂ ਅੱਖਾਂ, ਵਿੱਚ ਕਜਲੇ ਦੀ ਧਾਰੀ, ਮੋਤੀਆਂ ਵਰਗੇ ਚਿੱਟੇ ਦੰਦ ਤਿੱਖਾ ਨੱਕ ਤੇ ਠੋਡੀ ਤੇ ਕਾ਼ਲਾ ਤਿ਼ਲ ਉਸ ਦੀ ਖੂਬਸੂਰਤੀ ਨੂੰ ਹੋਰ ਵੀ ਚਾਰ ਚੰਦ ਲਾ ਦਿੰਦਾ।

ਉਹ ਨਵੀਂ ਨਵੀਂ ਪਿੰਡੋਂ ਬਾਹਰ ਗਈ ਹੋਣ ਕਰਕੇ ਬਾਹਰੀ ਚਮਕ ਦਮਕ ਤੋਂ ਪ੍ਰਭਾਵਿਤ ਹੋ ਰਹੀ ਸੀ। ਤੇ ਉਸ ਨੂੰ ਦੇਖ ਕੇ ਸੋਸ਼ਲੌਜੀ ਪੜ੍ਹਾਉਣ ਵਾਲਾ ਪ੍ਰੋਫੈਸਰ ਜੋ ਕਿਰਦਾਰ ਦਾ ਬੁਰਾ ਸੀ ਤੇ ਸੋਹਣੀਆਂ ਸੁਨੱਖੀਆਂ ਸਟੂਡੈਂਟ ਕੁੜੀਆਂ ਤੇ ਮੈਲ਼ੀ ਨਜ਼ਰ ਰੱਖਣ ਦਾ ਆਦੀ ਸੀ ਨੇ ਉਸ ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਤੇ ਉਸ ਨੂੰ ਮਿੱਠੀਆਂ ਮਾਰ ਕੇ ਗੁੰਮਰਾਹ ਕਰ ਲਿਆ।ਤੇ ਭੋਲ਼ੀ ਭਾਲ਼ੀ ਕਮਲ ਵੀ ਉਸ ਦੀਆਂ ਮਿੱਠੀਆਂ ਗੱਲਾਂ ਵਿੱਚ ਆ ਕੇ ਆਪਣੇ ਤੋਂ ਕਾਫੀ ਵੱਡੀ ਉਮਰ ਦੇ ਪ੍ਰੋਫੈਸਰ ਦੇ ਜਾਲ਼ ਵਿੱਚ ਫਸ ਗਈ ਤੇ ਉਹ ਦੋਵੇਂ ਇਸ਼ਕ ਵਿੱਚ ਅੰਨ੍ਹੇ ਹੋਏ ਘਰੋਂ ਭੱਜ ਨਿਕਲ਼ੇ। ਪ੍ਰੋਫੈਸਰ ਬਾਲ਼ ਬੱਚੇਦਾਰ ਸੀ ਇਸ ਲਈ ਕੁੱਝ ਦਿਨ ਮੌਜ ਮਸਤੀ ਕਰਕੇ ਉਹ ਵਾਪਸ ਘਰ ਪਰਤ ਆਏ। ਪਰ ਕਮਲ ਦੀ ਜ਼ਿੰਦਗੀ ਅੱਗੇ ਹੋਰ ਦਲਦਲ ਵਿੱਚ ਧਸਦੀ ਗਈ। ਹੁਣ ਉਹ ਘਰ ਜਾਣ ਦੀ ਬਜਾਏ ਰੋਜ਼ ਨਵੇਂ ਨਵੇਂ ਗਾਹਕ ਲੱਭਦੀ ਤੇ ਮੌਜ ਮਸਤੀ ਕਰਦੀ ਕਰਦੀ ਜ਼ਮੀਰ ਮਾਰ ਚੁੱਕੀ ਸੀ। ਆਪਣੇ ਪ੍ਰੋਫੈਸਰ ਤੋਂ ਜ਼ਿੰਦਗੀ ਵਿੱਚ ਮਿ਼ਲੇ ਧੋਖੇ ਕਾਰਨ ਕਮਲ ਦੀ ਜ਼ਿੰਦਗੀ ਨਰਕ ਬਣ ਚੁੱਕੀ ਸੀ ਤੇ ਉਸ ਨੇ ਪ੍ਰੋਫ਼ੈਸਰ ਤੋਂ ਬਦਲਾ ਲੈਣ ਦੀ ਸੋਚੀ ਤੇ ਕਮਲ ਨੇ ਉਸ ਦੀ ਧੀ ਰੁਬੀਨਾ ਨਾਲ਼ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਤੇ ਹੌਲੀ ਹੌਲੀ ਉਹ ਪੱਕੀਆਂ ਸਹੇਲੀਆਂ ਬਣ ਗਈਆਂ ਤੇ ਕਮਲ ਨੇ ਰੁਬੀਨਾ ਨੂੰ ਵੀ ਆਪਣੇ ਵਾ਼ਲੇ ਰਸਤੇ ਤੇ ਤੋਰ ਲਿਆ। ਰੁਬੀਨਾ ਦੀਆਂ ਰੋਜ਼ ਦੀਆਂ ਮਾੜੀਆਂ ਹਰਕਤਾਂ ਕਾਰਨ ਜਦੋਂ ਉਸ ਦੇ ਪਿਤਾ ਪ੍ਰੋਫੈਸਰ ਨੂੰ ਸਾਰੀ ਕਹਾਣੀ ਦਾ ਪਤਾ ਲੱਗਾ ਓਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਤੇ ਉਹ ਖੁਦ ਹੀ ਆਪਣੇ ਆਪ ਨੂੰ ਲਾਹਣਤਾਂ ਪਾਉਣ ਲੱਗਾ ਕਿ ਕਿਵੇਂ ਉਸ ਨੇ ਆਪਣੇ ਪਵਿੱਤਰ ਕਿੱਤੇ ਤੇ ਅਧਿਆਪਕ-ਵਿਦਿਆਰਥੀ ਦੇ ਪਵਿੱਤਰ ਰਿਸ਼ਤੇ ਨੂੰ ਦਾ਼ਗ ਲਾ ਕੇ ਕਲੰਕਿਤ ਕੀਤਾ ਸੀ।ਤੇ ਅੱਜ ਅਖੀਰ ਵਿੱਚ ਉਸ ਦੀ ਜ਼ਿੰਦਗੀ ਤੇ ਇਹੋ ਜਿਹਾ ਕਾ਼ਲਾ ਦਾ਼ਗ ਲੱਗਿਆ ਕਿ ਪਛਤਾਉਂਦਾ ਹੀ ਚੱਲ ਵਸਿਆ।

ਅਮਰਜੀਤ ਸਿੰਘ ਫ਼ੌਜੀ
ਪਿੰਡ ਦੀਨਾ ਸਾਹਿਬ
ਜ਼ਿਲ੍ਹਾ ਮੋਗਾ ਪੰਜਾਬ
94174-04804

ਸੋਹਣੀ ਜ਼ਿੰਦਗੀ ਦਾ ਸ਼ੈਦਾਈ : ਸੁਰਜੀਤ ਸਿੰਘ ਭੁੱਲਰ

ਇਹ ਉੱਨੀ ਸੌ ਤਰਾਸੀ ਚੌਰਾਸੀ ਦੀ ਗੱਲ ਹੈ, ਮੈਂ ਉਦੋਂ ਨਵਾਂ ਨਵਾਂ ਲਿਖਣਾ ਸ਼ੁਰੂ ਹੀ ਕੀਤਾ ਸੀ. ਉਨ੍ਹਾਂ ਸਮਿਆਂ ਵਿਚ ਨਿਕਲਦੇ ਰਿਸਾਲੇ ਨਾਗਮਣੀ, ਲੋਅ, ਨੀਲਮਣੀ, ਸੰਪਰਕ, ਮੈਂ ਨਿਰੰਤਰ ਪੜ੍ਹਦਾ ਹੁੰਦਾ ਸਾਂ. ਉਨ੍ਹਾਂ ਦਿਨਾਂ ਵਿਚ ਹੀ ਮੈਂ ਸੁਰਜੀਤ ਸਿੰਘ ਭੁੱਲਰ ਦੀਆਂ ਕਵਿਤਾਵਾਂ ਮੈਂ ਇਨ੍ਹਾਂ ਰਿਸਾਲਿਆਂ ਵਿਚ ਪੜ੍ਹਨੀਆਂ ਸ਼ੁਰੂ ਕੀਤੀਆਂ. ਕਵਿਤਾਵਾਂ ਪੜ੍ਹ ਕੇ ਮੈਂ ਹੈਰਾਨ ਹੁੰਦਾ ਕਿ ਕਿਸ ਤਰਾਂ ਮੁਹੱਬਤ ਦੀਆਂ ਸੱਚੀਆਂ ਸੁੱਚੀਆਂ ਗੱਲਾਂ ਨੂੰ ਇਹ ਕਵੀ ਆਪਣੀ ਕਵਿਤਾ ਵਿਚ ਕਿੰਨਾ ਸਹਿਜ ਸੁਭਾਅ ਚਿਤਰ ਲੈਂਦਾ ਹੈ. ਉਨ੍ਹਾਂ ਸਾਲਾਂ ਵਿਚ ਸੁਰਜੀਤ ਸਿੰਘ ਭੁੱਲਰ ਆਪਣੀ ਜਵਾਨੀ ਦੇ ਪੂਰੇ ਜਲੌਅ ਵਿਚ ਸੀ. ਮੁਹੱਬਤ ਉਸਦੇ ਅੰਦਰ ਬਾਹਰ ਭਰੀ ਪਈ ਸੀ ਤੇ ਉਹ ਜ਼ਿੰਦਗੀ ਦੀ ਮਿਠਾਸ ਵਿਚ ਖੀਵਾ ਹੋਇਆ ਫਿਰਦਾ ਸੀ. ਉਸਦੀ ਕਵਿਤਾ ਵਿਚ ਮੁਹੱਬਤ ਦਾ ਏਹੀ ਲਟਬੌਰਾਪਨ ਹਿਰਨਾਂ ਵਾਂਗੂੰ ਚੁੰਗੀਆਂ ਭਰਦਾ ਸੀ. ਰੰਗ ਬਰੰਗੀਆਂ ਮੱਛੀਆਂ ਉਸਦੇ ਨੈਣਾਂ ਦੇ ਸਮੁੰਦਰਾਂ ਵਿਚ ਮਟਕ ਮਟਕ ਕੇ ਤੈਰਦੀਆਂ ਸਨ. ਉਨ੍ਹਾਂ ਦਿਨਾਂ ਵਿਚ ਉਸਦੀ ਕਿਤਾਬ ਮੋਹ ਵੈਰਾਗ ਛਪੀ ਸੀ. ਮੈਨੂੰ ਯਾਦ ਹੈ ਕਿ ਮੈਂ ਉਦੋਂ " ਮੋਹ ਵੈਰਾਗ " ਪੁਸਤਕ ਲੱਭਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਉਹ ਮੈਨੂੰ ਮਿਲ ਨਾ ਸਕੀ । ਫੇਰ ਜ਼ਿੰਦਗੀ ਮੈਨੂੰ ਆਪਣੇ ਰਾਹਾਂ ਤੇ ਲੈ ਤੁਰੀ. ਬਹੁਤ ਕੁਝ ਜ਼ਿੰਦਗੀ ਵਿਚੋਂ ਗੁਆਚ ਗਿਆ. ਬਹੁਤ ਕੁਝ ਚੇਤਿਆਂ ਵਿਚੋਂ ਵਿੱਸਰ ਗਿਆ. ਪਰ ਜ਼ਹਿਨ ਦੀ ਕਿਸੇ ਨੁੱਕਰ ਵਿਚ ਏਨਾ ਕੁ ਜ਼ਰੂਰ ਟਿਕਿਆ ਰਿਹਾ ਕਿ ਇਕ ਮੋਹ ਵੈਰਾਗ ਦਾ ਸ਼ਾਇਰ ਸੀ ਜੋ ਮੁਹੱਬਤ ਦੀਆਂ ਬਹੁਤ ਪਿਆਰੀਆਂ ਕਵਿਤਾਵਾਂ ਲਿਖਦਾ ਸੀ ।

ਵਰ੍ਹੇ ਬੀਤ ਗਏ. ਵਕ਼ਤ ਆਉਂਦਾ ਗੁਜ਼ਰਦਾ ਗਿਆ. ਫੇਰ ਪੈਂਤੀਆਂ ਵਰ੍ਹਿਆਂ ਬਾਅਦ ਫੇਸਬੁੱਕ ਤੇ ਇਕ ਸ਼ਾਇਰ ਤੇ ਨਜ਼ਰ ਪਈ - ਸੁਰਜੀਤ ਸਿੰਘ ਭੁੱਲਰ. ਗੱਲ ਕੀਤੀ ਤਾਂ ਪਤਾ ਲੱਗਿਆ ਕਿ ਇਹ ਉਹੀ ਸੁਰਜੀਤ ਸਿੰਘ ਭੁੱਲਰ ਸੀ-ਮੋਹ ਵੈਰਾਗ ਵਾਲਾ. ਉਸਦੀਆਂ ਫੇਸਬੁੱਕ ਤੇ ਪਾਈਆਂ ਕਵਿਤਾਵਾਂ ਵਿਚ ਹੁਣ ਵੀ ਉੱਨੀ ਹੀ ਮੁਹੱਬਤ ਤੇ ਜਨੂੰਨ ਭਰਿਆ ਹੋਇਆ ਸੀ ਜੋ ਪੈਂਤੀ ਸਾਲ ਪਹਿਲਾਂ ਉਸਦੀਆਂ ਕਵਿਤਾਵਾਂ ਵਿਚ ਮਹਿਕਦਾ ਹੁੰਦਾ ਸੀ. ਉਸਦੀ ਸਰੀਰਕ ਉਮਰ ਭਾਵੇਂ ਸਾਢੇ ਤਿੰਨ ਦਹਾਕੇ ਟੱਪ ਗਈ ਸੀ ਪਰ ਉਸ ਦੇ ਮਨ ਦੀ ਉਮਰ ਅਜੇ ਵੀ ਉਥੇ ਹੀ ਸੀ, ਜਿਥੇ ਮੈਂ ਉਸਨੂੰ ਦੀਵਾਨਗੀ ਦੀ ਹੱਦ ਤੱਕ ਪੜ੍ਹਿਆ ਸੀ. ਉਹ ਸੁਰਜੀਤ ਸਿੰਘ ਭੁੱਲਰ ਹੁਣ ਅਮਰੀਕਾ ਵਿਚ ਸੀ ਪਰ ਉਸਦੀ ਆਵਾਜ਼ ਵਿਚ ਉਹੀ ਪੰਜਾਬ ਦੀ ਮਿੱਟੀ ਦਾ ਖੁੱਲ੍ਹਾਪਣ ਤੇ ਅਵਾਰਗੀ ਸੀ. ਉਹੀ ਜਨੂੰਨ ਤੇ ਫੱਕਰਪੁਣਾ ਸੀ. ਇਹ ਖੁੱਲ੍ਹਾਪਣ ਤੇ ਫੱਕਰਪੁਣਾ ਅੱਜ ਵੀ ਉਸਦੀਆਂ ਕਵਿਤਾਵਾਂ ਵਿਚ ਵੀ ਹੈ ਤੇ ਉਸਦੇ ਸੁਭਾਅ ਵਿਚ ਵੀ ।

ਇੰਡੀਆ ਆਉਣ ਤੇ ਸੁਰਜੀਤ ਸਿੰਘ ਭੁੱਲਰ ਨੂੰ ਮਿਲਣ ਦਾ ਸਬੱਬ ਬਣਿਆ ਤਾਂ ਉਹ ਉਹੋ ਜਿਹਾ ਹੀ ਸੀ ਜਿਹੋ ਜਿਹਾ ਆਪਣੀਆਂ ਕਵਿਤਾਵਾਂ ਵਿਚ ਦਿਸਦਾ ਸੀ.ਜਿਹੋ ਜਿਹਾ ਮੈਂ ਉਸਨੂੰ ਚਿਤਵਿਆ ਸੀ.ਉਸਨੂੰ ਮਿਲ ਕੇ ਲੱਗਿਆ ਜਿਵੇਂ ਆਪਣੇ ਆਪ ਨੂੰ ਹੀ ਮਿਲ ਰਿਹਾ ਹੋਵਾਂ. ਅਜਿਹੇ ਬੰਦੇ ਨਾਲ ਆਪ ਮੁਹਾਰੇ ਮੋਹ ਜਾਗ ਪੈਂਦਾ ਹੈ. ਉਸਨੇ ਆਪਣੀਆਂ ਕੱਠੀਆਂ ਕੀਤੀਆਂ ਸਾਰੀਆਂ ਕਵਿਤਾਵਾਂ ਮੈਨੂੰ ਦੇ ਦਿੱਤੀਆਂ. ਉਸਦੀਆਂ

ਕਵਿਤਾਵਾਂ ਵਿੱਚੋਂ ਗੁਜ਼ਰਦਿਆਂ ਮੈਂ ਉਸਦੀ ਜ਼ਿੰਦਗੀ ਦੇ ਅਨੇਕ ਰੰਗਾਂ ਨੂੰ ਦੇਖਿਆ. ਅਨੇਕ ਸੁਖ ਦੁੱਖ, ਤਲਖ਼ੀਆਂ ਤਜ਼ਰਬੇ, ਧੁੱਪਾਂ ਛਾਵਾਂ..ਚੋਂ ਲੰਘਦਿਆਂ....

ਸੁਰਜੀਤ ਸਿੰਘ ਭੁੱਲਰ ਦੀਆਂ ਕਵਿਤਾਵਾਂ ਵਿਚੋਂ ਲੰਘਦਿਆਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਉਸ ਜੰਗਲ ਵਿਚੋਂ ਲੰਘ ਰਹੇ ਹੋ ਜਿਥੇ ਹਰ ਪੌਦਾ ਦਰੱਖਤ ਪਾਉਣ ਪੰਛੀ ਤੁਹਾ-ਡੇ ਜਾਣੇ ਪਛਾਣੇ ਹਨ. ਉਸਦੀਆਂ ਕਵਿਤਾਵਾਂ ਵਿਚ ਉਹੀ ਗੱਲਾਂ ਕਾਵਿਕ ਜੁਬਾਨ ਲੈਂਦੀਆਂ ਹਨ ਜੋ ਸਾਡੇ ਸਭ ਦੀਆਂ ਜਾਣੀਆਂ ਪਛਾਣੀਆਂ ਹਨ . ਘਰ ਪਰਿਵਾਰ ਸਮਾਜ ਮੁਹੱਬਤ ਕੁਦਰਤ ਸਭ ਕੁਝ ਇਨ੍ਹਾਂ ਕਵਿਤਾਵਾਂ ਵਿਚ ਦੇਖਣ ਨੂੰ ਮਿਲਦਾ ਹੈ.ਜੀਵਨ ਦੇ ਹਰ ਰੰਗ ਨੂੰ ਉਹ ਆਪਣੀ ਕਵਿਤਾ ਦੇ ਕੈਨਵਸ ਤੇ ਚਿਤਰਨ ਦਾ ਹੁਨਰ ਰੱਖਦਾ ਹੈ. ਇਹਨਾਂ ਸਭ ਵਰਤਾਰਿਆਂ ਦੇ ਕੇਂਦਰ ਵਿਚ ਅਜੇ ਵੀ ਉਸਦੀ ਮੁਹੱਬਤ ਦਾ ਉਹ ਜਨੂੰਨ ਪਿਆ ਹੈ ਜੋ ਉਸ ਨੂੰ ਘਰ ਪਰਿਵਾਰ ਸਮਾਜ ਆਲੇ ਦੁਆਲੇ ਨਾਲ ਪਿਆਰ ਕਰਨ ਲਈ ਊਰਜਾ ਦਿੰਦਾ ਹੈ. ਉਹ ਉਸ ਕੋਲ ਉਹ ਨਵੀਨਤਮ ਮੈਟਾਫਰ ਸਿਰਜਣ ਦੀ ਸਮਰੱਥਾ ਹੈ ਜੋ ਅਜੇ ਨੌਜਵਾਨ ਪੀੜ੍ਹੀ ਕੋਲ ਵੀ ਨਹੀਂ...

ਸੱਜਣ ਜੀ
ਜਿਸ ਦਿਨ ਤੁਸੀਂ ਵਟਸਐਪ ਤੇ ਨਹੀਂ ਮਿਲਦੇ
ਲੱਗਦਾ ਜਿਵੇਂ ਦਿਨ ਹੀ ਨਹੀਂ ਚੜ੍ਹਿਆ
ਰਾਤ ਲੰਬੀ ਤੋਂ ਲੰਮੇਰੀ ਹੋ ਜਾਂਦੀ ਹੈ
ਦਿਲ ਦੀ ਧੜਕਣ ਰੁਕ ਰੁਕ ਜਾਂਦੀ ਹੈ .....
ਜੇ ਕੋਈ ਮਜਬੂਰੀ ਹੈ ਤਾਂ
ਮੇਰਾ ਐਸ ਐਮ ਐਸ ਹੀ ਸਵੀਕਾਰ ਕਰ ਲਿਆ ਕਰੋ
ਸਿਲਸਿਲਾ ਚੱਲਦਾ ਰਹੇ ਤਾਂ ਬੇਹਤਰ ਹੁੰਦਾ
ਖੜੋਤ ਦਾ ਦੂਜਾ ਨਾਮ ਮੌਤ ਹੁੰਦਾ.....

ਸੁਰਜੀਤ ਸਿੰਘ ਭੁੱਲਰ ਦੀਆਂ ਕਵਿਤਾਵਾਂ ਵਿਚ ਨਵੇਂ ਦੇ ਖਿਲਾਫ ਜਾਂ ਨਵੇਂ ਦੇ ਵਿਰੋਧ ਵਿਚ ਪ੍ਰਵਚਨ ਨਹੀਂ ਉਸਾਰੇ ਗਏ ਜਿਵੇਂ ਕਿ ਵੱਡੀ ਉਮਰ ਦੇ ਕਵੀਆਂ ਵਿਚ ਦੇਖਣ ਨੂੰ ਮਿਲਦੇ ਹਨ. ਉਹ ਤਾਂ ਨਵੀਨਤਾ ਦਾ ਆਸ਼ਕ ਹੈ. ਉਸਦਾ ਜੀਵਨ ਨੂੰ ਜਿਉਣ ਦਾ ਸਲੀਕਾ ਤੇ ਜਿੰਦਾਦਿਲੀ ਉਸਦੀਆਂ ਕਵਿਤਾਵਾਂ ਵਿਚ ਥਾਂ ਥਾਂ ਦੇਖਣ ਨੂੰ ਮਿਲਦੀ ਹੈ. ਉਸਦਾ ਇਹ ਹਾਂ ਪੱਖੀ ਰਵਈਆ ਤੇ ਮੁਹੱਬਤ ਸਿਰਫ ਪਿਆਰ ਦੀਆਂ ਕਵਿਤਾਵਾਂ ਵਿਚ ਦੇਖਣ ਨੂੰ ਹੀ ਨਹੀਂ ਮਿਲਦੀ ਸਗੋਂ ਉਸ ਦੀਆਂ ਸਾਰੀਆਂ ਕਵਿਤਾਵਾਂ ਵਿਚ ਹੀ ਸਮੁੱਚੀ ਪ੍ਰਿਥਵੀ ਤੇ ਪ੍ਰਿਥਵੀ ਤੇ ਰਹਿਣ ਵਾਲੇ ਹਰ ਮਨੁੱਖ ਜੀਵ ਜੰਤ ਪ੍ਰਤੀ ਇਹ ਪਿਆਰ ਦੇਖਣ ਨੂੰ ਮਿਲਦਾ ਹੈ. ਉਹ ਜ਼ਿੰਦਗੀ ਦਾ ਆਸ਼ਕ ਹੈ, ਜ਼ਿੰਦਗੀ ਦੇ ਸੁਹੱਪਣ ਦਾ ਸ਼ੈਦਾਈ ਹੈ..ਜ਼ਿੰਦਗੀ ਦੇ ਸਾਰੇ ਹਨੇਰੇ ਕੋਨਿਆਂ ਵਿਚ ਚਾਨਣ ਖੁਸ਼ਹਾਲੀ ਤੇ ਖੂਬਸੂਰਤੀ ਵੇਖਣਾ ਚਾਹੁੰਦਾ ਹੈ :

ਓ ਸੂਰਜ ਦੇਵਤਾ
ਮੁਠੀ ਭਰ ਛਿੱਟੇ ਉਨਾਂ ਨੂੰ ਵੀ ਦੇ ਦੇ
ਜੋ ਜ਼ਿੰਦਗੀ ਦੇ ਹਨ੍ਹੇਰਿਆਂ ਵਿਚ ਉਦਾਸ ਬੈਠੇ ਨੇ
ਟੁੱਟੇ ਥੱਕੇ ਹਾਰੇ ਬੈਠੇ ਨੇ
ਜ਼ਿੰਦਗੀ ਦੇ ਮਾਰੇ ਬੈਠੇ ਨੇ
ਅਜੋਕੀ ਕਵਿਤਾ ਆਪਣਾ ਸਭਿਆਚਾਰਕ ਮੁਹਾਂਦਰਾ ਗੁਆ ਰਹੀ ਹੈ. ਤੇਜ਼ੀ ਨਾਲ ਵਾਪਰੇ ਸੱਭਿਚਾਰਕ ਪਰਿਵਰਤਨ ਦੀ ਹਨ੍ਹੇਰੀ ਵਿਚ ਬਹੁਤ ਕੁਝ ਗੁੰਮ ਗੁਆਚ ਰਿਹਾ ਹੈ, ਪਰ ਸੁਰਜੀਤ ਸਿੰਘ ਭੁੱਲਰ ਦੀ ਸ਼ਾਇਰੀ ਵਿਚ ਪੰਜਾਬੀ ਸਭਿਆਚਾਰ ਆਪਣੀ ਪੂਰੀ ਜੀਵੰਤਤਾ ਦੇ ਨਾਲ ਉਜਾਗਰ ਹੁੰਦਾ ਹੈ. ਸੱਭਿਆਚਾਰਕ ਬਿੰਬ ਆਪ ਮੁਹਾਰੇ ਉਸਦੀ ਸ਼ਾਇਰੀ ਵਿਚ ਆ ਤੁਰਦੇ ਹਨ ।
ਗੋਰੇ ਬਲਦਾਂ ਦੀਆਂ ਧੌਣਾਂ ਚ ਪਈਆਂ
ਘੋਗੇ ਕੌਡੀਆਂ ਤੇ ਟੱਲੀਆਂ ਜੜਿਆ ਗਲਾਵਾਂ
ਘੋੜੀਆਂ ਦੇ ਗੱਲਾਂ ਵਿਚ ਚਾਂਦੀ ਦੇ ਟਿੱਕਿਆਂ ਦਾ ਹਾਰ
ਜਦ ਸੰਗੀਤਮਈ ਵਾਤਾਵਰਨ ਚ
ਇਕ ਸੁਰ ਹੋ ਗੂੰਜ ਉਠਦੇ ਸਨ
ਤਾਂ ਇਸਤੋਂ ਵੀ ਵੱਧ
ਸ਼ਿੰਗਾਰੇ ਹੁੰਦੇ ਸਨ ਰੱਥ

ਸੁਰਜੀਤ ਸਿੰਘ ਭੁੱਲਰ ਦੀਆਂ ਕਵਿਤਾਵਾਂ ਕਦੇ ਅਜੋਕੇ ਖ਼ਿਸ਼ਟ ਮਾਹੌਲ ਨਾਲ ਸੰਵਾਦ ਕਰਦੀਆਂ ਨੇ ਕਦੇ ਸੌੜੇ ਹਿਤਾਂ ਲਈ ਵਰਤੀ ਜਾਂਦੀ ਰਾਜਨੀਤੀ ਤੇ ਉਂਗਲ ਧਰਦੀਆਂ ਹਨ, ਕਦੇ ਮੁਹੱਬਤ ਦੇ ਸੰਜੋਗ ਵਿਯੋਗ ਦੀ ਬਾਤ ਪਾਉਂਦੀਆਂ ਹਨ ਤੇ ਕਦੇ ਆਪਣੇ ਸਵੈ ਨਾਲ ਵਾਰਤਾਲਾਪ ਕਰਦੀਆਂ ਹਨ. ਪਰ ਇਸ ਸਾਰੇ ਦ੍ਰਿਸ਼ ਦੇ ਪਿਛੇ ਸੁਰਜੀਤ ਸਿੰਘ ਭੁੱਲਰ ਦੇ ਰੂਪ ਵਿਚ ਇਕ ਜ਼ਿੰਦਾਦਿਲ ਕਵੀ ਖੜ੍ਹਾ ਦਿਸਦਾ ਹੈ..ਹਮੇਸ਼ਾ ਨਿਰਛਲ ਜਿਹਾ ਹਾਸਾ ਹੱਸਦਾ..ਦੁਨੀਆਂ ਨੂੰ ਹੱਸਦਾ ਵੱਸਦਾ ਵੇਖਣ ਦਾ ਸੁਪਨਾ ਨੈਣਾਂ ਵਿਚ ਭਰੀ ਖੜ੍ਹਾ...ਜੀਵਨ ਦੇ ਮੋਹ ਵੈਰਾਗ ਵਿਚ ਡੁੱਬਿਆ...ਧਰਤੀ ਦੀ ਗੋਦ ਵਿਚ ਸਿਰ ਰੱਖ ਕੇ ਸੁਪਨੇ ਲੈਣ ਵਾਲਾ...

ਮੈਂ ਜ਼ਿੰਦਗੀ ਦੀ ਗੋਦੀ ਵਿਚ ਸਿਰ ਰੱਖ ਕੇ
ਹਰੀ ਘਾਹ ਤੇ ਲੇਟਿਆਂ ਸੋਚ ਰਿਹਾਂ
ਮੈਨੂੰ ਉਹ ਸਭ ਕੁਝ ਭੁੱਲ ਜਾਣਾ ਚਾਹੀਦਾ
ਜੋ ਪੜ੍ਹਾਇਆ ਗਿਆ ਸੀ....
.

ਉਮੀਦ ਹੈ ਸੁਰਜੀਤ ਸਿੰਘ ਭੁੱਲਰ ਇਸੇ ਤਰਾਂ ਧਰਤੀ ਦੀ ਗੋਦ ਵਿਚ ਸਿਰ ਰੱਖੀ ਲੇਟਿਆ ਆਪਣੀਆਂ ਕਵਿਤਾਵਾਂ ਦੀ ਸਿਰਜਣਾ ਕਰਦਾ ਰਹੇਗਾ. ਖੁਦਾ ਉਸਨੂੰ ਚੰਗੀ ਸਿਹਤ ਅਤੇ ਲੰਬੀ ਉਮਰ ਬਖਸ਼ਿਸ਼ ਕਰੇ ਏਹੀ ਦੁਆ ਹੈ।

-0-

ਡਾ.ਅਮਰਜੀਤ ਕੌਂਕੇ

ਮੁਫ਼ਤ ਦਾ ਲੰਗਰ

"ਮਾਸੜ ਜੀ ਇਸ ਦਾ ਕੋਈ ਖਰਚਾ ਨਹੀਂ। ਇੱਕ ਵਾਰ ਚਾਰਜ਼ ਕੀਤੀ ਦਿੱਲੀ ਤੱਕ ਪਾਹੁੰਚ ਜਾਂਦੀ ਹੈ। ਘਰੇ ਵੀ ਚਾਰਜ ਹੋ ਜਾਂਦੀ ਹੈ। ਆਪਣੇ ਤਾਂ ਘਰੇ ਵੀ ਸੋਲਰ ਲੱਗਿਆ ਹੈ। ਬਿਜਲੀ ਵੀ ਮੁਫ਼ਤ ਦੀ ਹੈ।" ਉਹ ਆਪਣੀ ਨਵੀਂ ਲਿਆਂਦੀ ਇਲੈਕਟ੍ਰਿਕ ਕਾਰ ਬਾਰੇ ਦੱਸ ਰਿਹਾ ਸੀ। ਉਂਜ ਉਹ ਮੈਨੂੰ ਅੰਕਲ ਹੀ ਆਖਦਾ ਹੈ ਪ੍ਰੰਤੂ ਬਾਹਲੀ ਖੁਸ਼ੀ ਵੇਲੇ ਉਹ ਮਾਸੜ ਸ਼ਬਦ ਵਰਤਦਾ ਹੈ। ਅੱਜ ਤਾਂ ਉਹ ਆਪਣੀ ਇਸ ਵੀਹ ਲੱਖ ਚ ਖਰੀਦੀ ਨਵੀ ਕਾਰ ਦੀ ਵਧਾਈ ਦੇਣ ਆਇਆ ਸੀ। ਗੱਲ ਉਸਦੀ ਸਹੀ ਸੀ। ਪ੍ਰੰਤੂ ਪੈਟਰੋਲ ਵਾਲੀ ਵੀ ਅਸੀਂ ਉੱਨੀ ਹੀ ਚਲਾਉਂਦੇ ਹਾਂ ਜਿੰਨੀ ਲੋੜ ਹੁੰਦੀ ਹੈ। ਪੈਟਰੋਲ ਦੇ ਰੇਟ ਵੱਧਣ ਤੇ ਵੀ ਕਦੇ ਕਿਰਸ ਨਹੀਂ ਕੀਤੀ। ਹੁਣ ਤਾਂ ਰਨਿੰਗ ਕੋਸਟ ਜ਼ੀਰੋ ਹੈ ਫਿਰ ਅਸੀਂ ਰੁਕਣਾ ਹੀ ਕਿਉਂ? ਲੋੜ ਤੇ ਬੇਲੋੜਾ ਵਰਤਣੀ ਹੀ ਹਾਊ। ਮੇਰੇ ਯਾਦ ਹੈ ਜਦੋਂ ਮੋਬਾਇਲ ਫੋਨ ਆਏ ਤਾਂ ਹਰ ਗਲਬਾਤ ਪਿੱਛੋਂ ਫੋਨ ਗੱਲਬਾਤ ਦੀ ਲਾਗਤ ਦੱਸਦਾ ਤੇ ਬਾਕੀ ਬੈਲੈਂਸ ਵੀ। ਅਸੀਂ ਲੰਮੀ ਗਲਬਾਤ ਤੋਂ ਗੁਰੇਜ਼ ਕਰਦੇ। ਕਿਉਂਕਿ ਲੰਮੀ ਗੱਲਬਾਤ ਦੇ ਵੱਧ ਪੈਸੇ ਲਗਦੇ ਸਨ। ਹੁਣ ਜਦੋਂ ਦਾ ਟਾਕ ਟਾਈਮ ਫ੍ਰੀ ਹੋਇਆ ਹੈ। ਫੋਨ ਇੰਟਰਨੈੱਟ ਤੇ ਚਲਦੇ ਹਨ ਫੋਨਾਂ ਤੇ ਲੰਮੀਆਂ ਵਾਰਤਾ ਚਲਦੀਆਂ ਹਨ। ਟਾਈਮ ਦੀ ਕੋਈ ਪਰਵਾਹ ਨਹੀਂ ਕਰਦਾ। ਅਸੀਂ ਡੋਰ ਬੈੱਲ ਵਜਾਉਣ ਦੀ ਬਜਾਇ ਫੋਨ ਤੇ ਘੰਟੀ ਮਾਰਦੇ ਹਾਂ। ਕਿਉਂਕਿ ਇਹ ਮੁਫ਼ਤ ਹੈ। ਮੁਫ਼ਤ ਦੀ ਵਸਤੂ ਦੀ ਦੁਵਰਤੋਂ ਹੋਣਾ ਕੋਈ ਖਾਸ ਗੱਲ ਨਹੀਂ। ਲੋਕ ਘਰਾਂ ਵਿੱਚ ਸੋਲਰ ਲਗਵਾਉਂਦੇ ਹਨ ਫਿਰ ਏਸੀ ਸਾਰੀ ਰਾਤ ਚਲਦੇ ਹਨ ਭਾਵੇਂ ਉਪਰ ਕੰਬਲ ਹੀ ਕਿਉਂ ਨਾ ਲੈਣਾ ਪਵੇ। ਪਹਿਲਾਂ ਕਮਰਾ ਠੰਡਾ ਹੋਣ ਤੇ ਸਿਆਣੇ ਪਰਿਵਾਰ ਪੱਖਾਂ ਵੀ ਬੰਦ ਕਰ ਦਿੰਦੇ ਸਨ। ਸੋਲਰ ਅਤੇ ਛੇ ਸੌ ਯੂਨਿਟ ਨਾਲ ਬਿਜਲੀ ਦੀ ਖਪਤ ਤੇ ਫਰਕ ਪਿਆ ਹੈ। ਕਹਿੰਦੇ ਕਿਸਾਨਾਂ ਨੂੰ ਟਿਊਬਵੈਲ ਵਾਲੀ ਬਿਜਲੀ ਫ੍ਰੀ ਹੈ। ਫਿਰ ਟਿਊਬਵੈਲ ਵੀ ਓਦੋਂ ਬੰਦ ਹੁੰਦਾ ਹੈ ਜਦੋਂ ਬਿਜਲੀ ਬੰਦ ਹੋਵੇ। ਚਾਹੇ ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ ਪਰ ਅਸੀਂ ਪਾਣੀ ਦੀ ਕਿਰਸ ਨਹੀਂ ਕਰਦੇ ਇਹ ਮੁਫ਼ਤ ਜੋ ਹੋਇਆ। ਸਰਕਾਰੀ ਮਿਲੇ ਤੇਲ ਨੂੰ ਲੋਕ ਜੁੱਤੀਆਂ ਚ ਪਵਾ ਲੈਂਦੇ ਹਨ। ਅਸੀਂ ਉਹ ਲੋਕ ਹਾਂ ਜਿਹੜੇ ਭੰਡਾਰਾ/ਲੰਗਰ ਛੱਕਕੇ ਵੀ ਆਪਣੇ ਨਾਲ ਟਿਫ਼ਨ ਲਿਫ਼ਾਫ਼ਾ ਭਰਵਾ ਲੈਂਦੇ ਹਾਂ। ਕਿਉਂਕਿ ਇਹ ਮੁਫ਼ਤ ਦਾ ਹੁੰਦਾ ਹੈ। ਫਿਰ ਬਿਨਾਂ ਲਾਗਤ ਦੇ ਚੱਲਣ ਵਾਰੀ ਕਾਰ ਨੂੰ ਬੇਲੋੜਾ ਚਲਾਉਣ ਤੋਂ ਅਸੀਂ ਗੁਰੇਜ਼ ਕਿਉਂ ਕਰਾਂਗੇ। ਮੁਫ਼ਤ ਦਾ ਫੋਨ ਕਰਨ ਦੀ ਬਜਾਇ ਮੁਫ਼ਤ ਵਾਲੀ ਕਾਰ ਤੇ ਜਾਣ ਨੂੰ ਤਰਜੀਹ ਦੇਵਾਂਗੇ। ਉਂ ਗੱਲ ਇਹ ਚੰਗੀ ਵੀ ਹੈ ਕਿਉਂਕਿ ਤੇਲ ਖਰੀਦਣ ਦੇ ਮਸਲੇ ਤੇ ਅਸੀਂ ਟਰੰਪ ਦੇ ਨਿਸ਼ਾਨੇ ਤੇ ਹਾਂ। ਜਦੋਂ ਪੈਟਰੋਲ ਦੀ ਲਾਗਤ ਘਟੇਗੀ ਤਾਂ ਟਰੰਪ ਵੀ ਤੰਗ ਨਹੀਂ ਕਰੇਗਾ। ਫਿਰ ਮੈਨੂੰ ਉਸਦੀ ਇਲੈਕਟ੍ਰਿਕ ਕਾਰ ਦਾ ਪ੍ਰੋਜੈਕਟ ਚੰਗਾ ਲੱਗਿਆ ਤੇ ਮੈਂ ਉਸਦਾ ਲਿਆਂਦਾ ਗਜਰੇ-ਲੇ ਵਾਲਾ ਡਿੱਬਾ ਫੜ੍ਹ ਲਿਆ। ਕਿਉਂਕਿ ਮੇਰੇ ਲਈ ਤਾਂ ਇਹ ਵੀ ਮੁਫ਼ਤ ਦਾ ਹੀ ਸੀ ਭਾਵੇਂ ਮੁਫ਼ਤ ਦਾ ਗਜਰੇਲਾ ਖਾਕੇ ਸ਼ੂਗਰ ਲੈਵਲ ਵੱਧਜੇ

ਰਮੇਸ਼ ਸੇਠੀ ਬਾਦਲ
9876627233

ਮੁੰਡੇ -ਕੁੜੀ ਵਿੱਚ ਫਰਕ ਨਾ ਕਰਨ ਦਾ ਸੱਦਾ ਦਿੱਤਾ ਸਫ਼ਲ ਪ੍ਰੋਗਰਾਮ

ਬਠਿੰਡਾ(ਦੀਪਿਕਾ ਸ਼ਰਮਾ) ਸਿਵਲ ਸਰਜਨ ਡਾਕਟਰ ਤਪਿੰਦਰ ਜੋਤ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਸਿਹਤ ਬਲਾਕ ਭਗਤ ਭਾਈ ਕਾ ਵਿਖੇ ਪੀ ਸੀ ਪੀ ਐਨ ਡੀ ਟੀ ਕਾਨੂੰਨ ਅਧੀਨ ਗਤੀਵਿਧੀਆਂ ਜਾਰੀ ਹਨ। ਅੱਜ ਸੀ ਐਸ ਸੀ ਭਗਤਾ ਭਾਈ ਕਾ, ਪਿੰਡ ਕੌਇਰ ਸਿੰਘ ਵਾਲਾ ਅਤੇ ਪਿੰਡ ਸਿਰੀਏਵਾਲਾ ਦਿਆਲਪੁਰਾ ਮਿਰਜਾ ਪਿੰਡਾਂ ਵਿੱਚ ਵੀ ਲੋਕਾਂ ਨੂੰ ਪੀ ਸੀ ਪੀ ਐਨ ਡੀ ਟੀ ਕਾਨੂੰਨ ਸਬੰਧੀ ਜਾਗਰਿਤ ਕੀਤਾ ਗਿਆ ।ਸੀ ਐਚ ਸੀ ਵਿਖੇ ਸੰਬੋਧਨ ਕਰਦੇ ਹੋਏ ਏ ਐਨ ਐਮ ਹਰਦੀਸ਼ ਕੌਰ ਅਤੇ ਸੀ ਐਚ ਓ ਊਸ਼ਾ ਰਾਣੀ ਨੇ ਕਿਹਾ ਕਿ ਕੁੜੀਆਂ ਹਰੇਕ ਖੇਤਰ ਵਿੱਚ ਬੁਲੰਦੀਆਂ ਤੇ ਪਹੁੰਚ ਰਹੀਆਂ ਹਨ । ਇਹ ਖੇਤਰ ਭਾਵੇਂ ਰਾਜਨੀਤਿਕ ਹੋਵੇ, ਚਾਹੇ ਦੇਸ਼ ਦੀ ਰੱਖਿਆ ਵਾਲਾ ਹੋਵੇ, ਚਾਹੇ ਵਿਗਿਆਨ ਦਾ ਖੇਤਰ ਹੋਵੇ, ਹਰੇਕ ਖੇਤਰ ਵਿੱਚ ਕੁੜੀਆਂ ਨੇ ਆਪਣਾ ਨਾਮ ਰੋਸ਼ਨ ਕੀਤਾ ਹੈ । ਉਨ੍ਹਾਂ ਕੁੜੀਆਂ- ਮੁੰਡਿਆਂ ਵਿੱਚ ਵਿਤਕਰਾ ਨਾ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਕੁੜੀ- ਮੁੰਡੇ ਦਾ ਟੈਸਟ ਹੋਣ ਦੀ ਸੂਰਤ ਵਿੱਚ ਤੁਰੰਤ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਭਰੂਣ ਹੱਤਿਆ ਵਰਗੀ ਬੁਰਾਈ ਨੂੰ ਖ਼ਤਮ ਕੀਤਾ ਜਾ ਸਕੇ। ਇਸੇ ਤਰ੍ਹਾਂ ਹੀ ਪਿੰਡ ਕੌਇਰ ਸਿੰਘ ਵਾਲਾ ਵਿਖੇ ਐਮ ਪੀ ਐਚ ਡਬਲਯੂ ਮੇਲ ਅਮਰਜੀਤ ਸਿੰਘ ਪਿੰਡ ਦਿਆਲਪੁਰਾ ਮਿਰਜਾ ਵਿੱਚ ਅਮਨਦੀਪ ਕੌਰ ਅਤੇ ਸਿਰੀਵਾਲਾ ਵਿਖੇ ਸੀ ਐਚ ਓ ਲਵਪ੍ਰੀਤ ਕੌਰ ਨੇ ਲੋਕਾਂ ਨੂੰ ਪੀ ਸੀ ਪੀ ਐਨ ਡੀ ਟੀ ਕਾਨੂੰਨ ਸਬੰਧੀ ਜਾਣੂ ਕਰਵਾਇਆ। ਅੱਜ ਕੱਲ ਲੋਕ ਕੁੜੀ ਤੇ ਮੁੰਡੇ ਵਿੱਚ ਕੋਈ ਫਰਕ ਨਹੀਂ ਸਮਝਦੇ ਇਹਨਾਂ ਪ੍ਰੋਗਰਾਮਾਂ ਵਿੱਚ ਵੱਧ ਚੜ ਕੇ ਪੇਂਡੂ ਭੈਣ ਭਰਾਵਾਂ ਨੇ ਬਹੁਤ ਹਿੱਸਾ ਲਿਆ ਤੇ ਚੰਗੇ ਵਿਚਾਰ ਪੇਸ਼ ਕਰਨ ਵਾਲੇ ਡਾਕਟਰਾਂ ਨੂੰ ਅਸੀਰਵਾਦ ਦਿੱਤਾ ਤੇ ਜਿਆਦਾ ਬੀਬੀਆਂ ਭੈਣਾਂ ਨੇ ਡਾਕਟਰਾਂ ਨੂੰ ਕਿਹਾ ਕਿ ਤੁਸੀਂ ਅਜਿਹੀ ਸਿੱਖਿਆ ਦਿੰਦੇ ਰਹੋ ਇਕੱਲੀ ਸਿੱਖਿਆ ਨਹੀਂ ਜਦੋਂ ਵੀ ਕੋਈ ਗਲਤ ਮੁੰਡਾ ਕੁੜੀ ਬਾਰੇ ਕੋਈ ਟੈਸਟ ਕਰਾਉਂਦਾ ਹੈ ਤਾਂ ਉਸ ਬਾਰੇ ਤੁਰੰਤ ਸਰਕਾਰ ਨੂੰ ਜਾਣਕਾਰੀ ਦੇ ਕੇ ਬਣਦੀ ਸਜ਼ਾ ਦਵਾਉਣ ਦਾ ਇੰਤਜ਼ਾਮ ਕਰਿਆ ਕਰੋ ਵੇਖਿਆ ਜਾਵੇ ਇਹ ਸਾਰੇ ਪ੍ਰੋਗਰਾਮ ਬਹੁਤ ਵਧੀਆ ਤੇ ਸਲਾਹੁਣਯੋਗ ਸਨ ਬੀਬੀਆਂ ਭੈਣਾਂ ਆਪਸ ਵਿੱਚ ਗੱਲਾਂ ਕਰਦੀਆਂ ਕਹਿ ਰਹੀਆਂ ਸਨ ਕਿ ਅਜਿਹੇ ਪ੍ਰੋਗਰਾਮ ਡਾਕਟਰਾਂ ਨੂੰ ਹਰ ਪਿੰਡ ਹਰ ਸ਼ਹਿਰ ਹਰ ਗਲੀ ਮਹੱਲੇ ਵਿੱਚ ਕਰਨੇ ਚਾਹੀਦੇ ਹਨ ਉਹਨਾਂ ਨੇ ਇਹ ਵਿਚਾਰ ਡਾਕਟਰਾਂ ਨਾਲ ਵੀ ਸਾਂਝੇ ਕੀਤੇ ਡਾਕਟਰਾਂ ਨੇ ਬੀਬੀਆਂ ਭੈਣਾਂ ਦੇ ਇਹਨਾਂ ਵਿਚਾਰਾਂ ਨੂੰ ਬਹੁਤ ਪਸੰਦ ਕੀਤਾ ਤੇ ਵਾਅਦਾ ਕੀਤਾ ਕਿ ਅਸੀਂ ਵੱਧ ਤੋਂ ਵੱਧ ਲੋਕਾਂ ਤੱਕ ਇਹ ਮੁੰਡੇ ਕੁੜੀ ਦੇ ਵਿੱਚ ਕੋਈ ਫਰਕ ਨਹੀਂ ਇਹ ਸਮਝਾਉਣ ਦਾ ਹਰ ਹੀਲੇ ਤਰੀਕਾ ਵਰਤਾਂਗੇ ਉਹਨਾਂ ਨੇ ਇਹ ਵੀ ਕਿਹਾ ਜੇ ਕੋਈ ਅਜਿਹੇ ਟੈਸਟ ਕਰਵਾਉਂਦਾ ਹੈ ਤਾਂ ਸਾਨੂੰ ਆ ਕੇ ਦੱਸੋ ਅਸੀਂ ਖ਼ੁਦ ਕਾਨੂੰਨੀ ਕਾਰਵਾਈ ਕਰਾਵਾਂਗੇ।

ਟਿੱਬਿਆਂ ਵਾਲੇ ਪਿੰਡ ਦੀ ਪਛਾਣ ਬਹੁਪੱਖੀ ਅਦਾਕਾਰਾ ਨਿਰਮਲ ਰਿਸ਼ੀ

ਪੰਜਾਬੀ ਸਿਨੇਮਾ ਦੇ ਪਿਛਲੇ ਪੰਜ ਦਹਾਕਿਆਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇੱਕ ਨਾਮ ਅਟੱਲ ਤੌਰ 'ਤੇ ਸਾਹਮਣੇ ਆਉਂਦਾ ਹੈ,ਨਿਰਮਲ ਰਿਸ਼ੀ। ਆਪਣੀ ਵਿਲੱਖਣ ਆਵਾਜ਼, ਦਮਦਾਰ ਅਦਾਕਾਰੀ ਅਤੇ ਰੌਹਬਦਾਰ ਹਾਜ਼ਰੀ ਨਾਲ ਉਨ੍ਹਾਂ ਨੇ ਨਾ ਸਿਰਫ਼ ਦਰਸ਼ਕਾਂ ਦੇ ਦਿਲ ਜਿੱਤੇ, ਸਗੋਂ ਪੰਜਾਬੀ ਫ਼ਿਲਮ ਜਗਤ ਵਿੱਚ ਆਪਣੀ ਇਕ ਅਲੱਗ ਪਛਾਣ ਵੀ ਕਾਇਮ ਕੀਤੀ। ਮੰਚ ਤੋਂ ਲੈ ਕੇ ਫ਼ਿਲਮੀ ਪਰਦੇ ਤੱਕ ਦਾ ਉਨ੍ਹਾਂ ਦਾ ਸਫ਼ਰ ਸੰਘਰਸ਼, ਸਮਰਪਣ ਅਤੇ ਕਾਮਯਾਬੀ ਦੀ ਪ੍ਰੇਰਕ ਦਾਸਤਾਨ ਹੈ।

ਅਸਲ ਪਛਾਣ

ਫ਼ਿਲਮ ਲੌਂਗ ਦਾ ਲਿਸ਼ਕਾਰਾ ਦੀ 'ਗੁਲਾਬੋ ਮਾਸੀ' ਨੇ ਨਿਰਮਲ ਰਿਸ਼ੀ ਨੂੰ ਘਰ-ਘਰ ਮਸ਼ਹੂਰ ਕਰ ਦਿੱਤਾ। ਹਰਪਾਲ ਟਿਵਾਣਾ ਦੇ ਨਿਰਦੇਸ਼ਨ ਹੇਠ ਉਨ੍ਹਾਂ ਦੀ ਬੇਬਾਕ ਅਦਾਕਾਰੀ ਕਾਰਨ ਲੋਕ ਉਨ੍ਹਾਂ ਨੂੰ ਕਿਰਦਾਰ ਦੇ ਨਾਂ ਨਾਲ ਹੀ ਜਾਣਨ ਲੱਗ ਪਏ।

28 ਅਗਸਤ 1943 ਨੂੰ ਮਾਨਸਾ ਜ਼ਿਲ੍ਹੇ ਦੇ ਟਿੱਬਿਆਂ ਵਾਲੇ ਪਿੰਡ ਖੀਵੇ ਕਲਾਂ ਵਿੱਚ ਪਟਵਾਰੀ ਬਲਦੇਵ ਕ੍ਰਿਸ਼ਨ ਰਿਸ਼ੀ ਅਤੇ ਮਾਤਾ ਬਚਨੀ ਦੇਵੀ ਦੇ ਘਰ ਜਨਮੀ ਨਿਰਮਲ ਰਿਸ਼ੀ ਬਚਪਨ ਤੋਂ ਹੀ ਅਲੱਗ ਸੋਚ ਦੀ ਸੂਝਵਾਨ ਧੀ ਸੀ। ਜਦੋਂ ਸਮਾਜ ਵਿੱਚ ਕੁੜੀਆਂ ਦਾ ਖੇਡ ਮੈਦਾਨਾਂ ਜਾਂ ਮੰਚਾਂ 'ਤੇ ਆਉਣਾ ਵਧੀਆ ਨਹੀਂ ਸਮਝਿਆ ਜਾਂਦਾ ਸੀ, ਉਸ ਵੇਲੇ ਉਹ ਖੋ-ਖੋ, ਸ਼ੂਟਿੰਗ, ਬਾਸਕਟਬਾਲ ਅਤੇ ਐਥਲੈਟਿਕਸ ਵਿੱਚ ਆਪਣਾ ਜੌਹਰ ਵਿਖਾ ਰਹੀ ਸੀ। ਐਨ.ਸੀ.ਸੀ. ਦੀ ਵਰਦੀ ਵਿੱਚ ਉਸਦਾ ਆਤਮਵਿਸ਼ਵਾਸ ਜਿਵੇਂ ਉਸਦੇ ਭਵਿੱਖ ਦੀਆਂ ਰੇਖਾਵਾਂ ਖਿੱਚ ਰਿਹਾ ਸੀ।

ਮੁੱਢਲੀ ਪੜ੍ਹਾਈ ਮਾਨਸਾ ਵਿੱਚ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੇ ਗੰਗਾਨਗਰ ਤੋਂ ਬੀ.ਏ. ਕੀਤੀ। ਕਾਲਜ ਦੇ ਦਿਨਾਂ ਵਿੱਚ ਹੀ ਉਨ੍ਹਾਂ ਨੇ ਆਪਣੀ ਸਾਂਝ ਮੰਚ ਨਾਲ ਪਾ ਲਈ। ਗੁਰੂਦੇਵ ਰਬਿੰਦਰ ਨਾਥ ਟੈਗੋਰ ਦੇ ਪ੍ਰਸਿੱਧ ਨਾਟਕ 'ਕਾਬੁਲੀਵਾਲਾ' ਵਿੱਚ ਕੀਤੀ ਅਦਾਕਾਰੀ ਨੇ ਦਰਸ਼ਕਾਂ ਨੂੰ ਵਾਹ-ਵਾਹ ਕਰਨ ਲਈ ਮਜਬੂਰ ਕਰ ਦਿੱਤਾ। ਇਹ ਕੇਵਲ ਇਕ ਅਦਾਕਾਰੀ ਹੀ ਨਹੀਂ ਸੀ, ਇਹ ਉਸ ਕਲਾਕਾਰ ਦੀ ਆਮਦ ਦਾ ਐਲਾਨ ਸੀ ਜਿਸ ਨੇ ਅੱਗੇ ਚੱਲ ਕੇ ਪੰਜਾਬੀ ਰੰਗਮੰਚ ਅਤੇ ਸਿਨੇਮਾ ਦੀ ਅਡਿੱਗ ਪਛਾਣ ਬਣਨਾ ਸੀ।

ਪਟਿਆਲਾ ਵਿੱਚ ਡੀ.ਪੀ.ਐਡ., ਬੀ.ਪੀ. ਐਡ., ਐੱਮ.ਐਡ. ਅਤੇ ਐੱਮ.ਫਿਲ. ਦੌਰਾਨ ਉਨ੍ਹਾਂ ਦੀ ਮੁਲਾਕਾਤ ਪੰਜਾਬੀ ਥੀਏਟਰ ਦੇ ਮਸ਼ਹੂਰ ਦੰਪਤੀ ਹਰਪਾਲ ਟਿਵਾਣਾ ਅਤੇ ਨੀਨਾ ਟਿਵਾਣਾ ਨਾਲ ਹੋਈ। ਇਹ ਮੁਲਾਕਾਤ ਉਨ੍ਹਾਂ ਦੀ ਜ਼ਿੰਦਗੀ ਦਾ ਅਸਲ ਮੋੜ ਸਾਬਤ ਹੋਈ। 1966 ਤੋਂ ਉਹ ਉਨ੍ਹਾਂ ਦੇ ਥੀਏਟਰ ਗਰੁੱਪ ਨਾਲ ਜੁੜ ਗਏ। ਇਸ ਮੰਚ ਨੇ ਉਨ੍ਹਾਂ ਦੀ ਕਲਾ ਨੂੰ ਸਾਂਭਿਆ, ਸਵਾਰਿਆ ਅਤੇ ਨਿਖਾਰਿਆ। ਉਸ ਵੇਲੇ ਇਸ ਮੰਚ ਨਾਲ ਓਮ ਪੁਰੀ ਅਤੇ ਰਾਜ ਬੱਬਰ ਵਰਗੇ ਕਲਾਕਾਰ ਵੀ ਜੁੜੇ ਹੋਏ ਸਨ। ਮੋਨੋ ਐਕਟਿੰਗ ਤੋਂ ਲੈ ਕੇ ਗੰਭੀਰ ਨਾਟਕਾਂ ਤੱਕ, ਨਿਰਮਲ ਰਿਸ਼ੀ ਜੀ ਨੇ ਹਰ ਰੰਗ ਨੂੰ ਇਸ ਮੰਚ ਤੇ ਅਜਮਾਇਆ ਅਤੇ ਹਰ ਰੂਪ ਵਿੱਚ ਆਪਣੀ ਛਾਪ ਛੱਡੀ। 1969 ਵਿੱਚ ਉਹ ਖਾਲਸਾ ਕਾਲਜ ਫਾਰ ਵੂਮੈਨ, ਲੁਧਿਆਣਾ ਵਿੱਚ ਸਰੀਰਕ ਸਿੱਖਿਆ ਦੀ ਲੈਕਚਰਾਰ ਬਣ ਗਏ। ਅਧਿਆਪਕਾ ਵਜੋਂ ਡਿਊਟੀ ਨਿਭਾਉਂਦਿਆਂ ਵੀ ਉਨ੍ਹਾਂ ਦਾ ਦਿਲ ਮੰਚ ਨਾਲ ਧੜਕਦਾ ਰਿਹਾ। ਉਨ੍ਹਾਂ ਨੇ ਨੈਸ਼ਨਲ ਸਕੂਲ ਆਫ਼ ਡਰਾਮਾ ਦੇ ਨਿਰਦੇਸ਼ਕਾਂ ਤੋਂ ਅਦਾਕਾਰੀ ਦੇ ਗੁੜ੍ਹੇ ਭੇਦ ਸਿੱਖ ਕੇ ਆਪਣੀ ਕਲਾ ਨੂੰ ਹੋਰ ਵੀ ਨਿਖਾਰਿਆ।

ਵੱਡੇ ਪਰਦੇ 'ਤੇ ਉਨ੍ਹਾਂ ਦੀ ਐਂਟਰੀ 1982 ਵਿੱਚ ਫ਼ਿਲਮ ਲੌਂਗ ਦਾ ਲਿਸ਼ਕਾਰਾ ਰਾਹੀਂ ਹੋਈ। 'ਗੁਲਾਬੋ ਮਾਸੀ' ਦਾ ਕਿਰਦਾਰ ਉਨ੍ਹਾਂ ਦੀ ਪਛਾਣ ਬਣ ਗਿਆ। ਦਰਸ਼ਕ ਉਨ੍ਹਾਂ ਨੂੰ ਨਿਰਮਲ ਰਿਸ਼ੀ ਦੀ ਬਜਾਏ 'ਗੁਲਾਬੋ ਮਾਸੀ' ਕਹਿ ਕੇ ਸੱਦਣ ਲੱਗ ਪਏ। ਇਹ ਕਿਰਦਾਰ ਕੇਵਲ ਭੂਮਿਕਾ ਨਹੀਂ ਸੀ, ਇਹ ਲੋਕ-ਚੇਤਨਾ ਵਿੱਚ ਦਰਜ ਹੋਇਆ ਇਕ ਅਮਰ ਚਿਹਰਾ ਸੀ।

ਇਸ ਤੋਂ ਬਾਅਦ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। 100 ਤੋਂ ਵੱਧ ਪੰਜਾਬੀ ਫ਼ਿਲਮਾਂ ਵਿੱਚ ਉਨ੍ਹਾਂ ਨੇ ਆਪਣੀ ਅਦਾਕਾਰੀ ਦੇ ਰੰਗ ਭਰੇ। ਉੱਚਾ ਦਰ ਬਾਬੇ ਨਾਨਕ ਦਾ,ਨਿੱਕਾ ਜ਼ੈਲਦਾਰ, ਬੰਬੂਕਾਟ, ਰੱਬ ਦਾ ਰੇਡੀਓ, ਲਾਹੌਰੀਏ, ਲਵ ਪੰਜਾਬ, ਨੀਂ ਮੈਂ ਸੱਸ ਕੁੱਟਣੀ, ਗੋਡੇ ਗੋਡੇ ਚਾਅ ਅਤੇ ਬੂਹੇ ਬਾਰੀਆਂ ਵਰਗੀਆਂ ਫ਼ਿਲਮਾਂ ਵਿੱਚ ਉਨ੍ਹਾਂ ਨੇ ਭੂਆ, ਸੱਸ, ਦਾਦੀ ਅਤੇ ਮਾਂ ਦੇ ਕਿਰਦਾਰਾਂ ਨੂੰ ਅਜਿਹਾ ਜਿਉਂਦਾ ਕੀਤਾ ਕਿ ਉਹ ਕਿਰਦਾਰ ਘਰ-ਘਰ ਦੀ ਕਹਾਣੀ ਬਣ ਗਏ। ਉਨ੍ਹਾਂ ਦੀ ਗੂੰਜਦਾਰ ਆਵਾਜ਼, ਰੌਹਬਦਾਰ ਅੰਦਾਜ਼ ਅਤੇ ਹਾਸਿਆਂ ਨਾਲ ਭਰੇ ਡਾਇਲਾਗ ਦਰਸ਼ਕਾਂ ਨੂੰ ਅਕਸਰ ਹੱਸਣ ਲਈ ਮਜਬੂਰ ਕਰਦੇ ਹਨ, ਪਰ ਜਦੋਂ ਉਹ ਸੰਵੇਦਨਸ਼ੀਲ ਦ੍ਰਿਸ਼ ਕਰਦੇ ਹਨ ਤਾਂ ਅੱਖਾਂ ਵੀ ਨਮ ਹੋ ਜਾਂਦੀਆਂ ਹਨ।

ਲਗਭਗ ਪੰਜ ਦਹਾਕਿਆਂ ਤੋਂ ਵੱਧ ਦੇ ਇਸ ਸਫ਼ਰ ਵਿੱਚ ਉਨ੍ਹਾਂ ਦੀ ਸਰਦਾਰ ਸੋਹੀ ਨਾਲ ਕਲਾਤਮਕ ਸਾਂਝ ਪਰਦੇ 'ਤੇ ਇੱਕ ਖ਼ਾਸ ਰੌਣਕ ਪੈਦਾ ਕਰਦੀ ਹੈ। ਉਨ੍ਹਾਂ ਦੀ ਅਦਾਕਾਰੀ ਦੀ ਖ਼ੂਬੀ ਇਹ ਹੈ ਕਿ ਉਹ ਚੇਹਰੇ ਦੇ ਹਾਵ-ਭਾਵਾਂ ਅਤੇ ਆਪਣੀ ਖ਼ਾਮੋਸ਼ੀ ਨਾਲ ਵੀ ਇੱਕ ਗਹਿਰਾ ਸੰਦੇਸ਼ ਦੇ ਜਾਂਦੇ ਹਨ।

2003 ਵਿੱਚ ਲੈਕਚਰਾਰ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਉਨ੍ਹਾਂ ਨੇ "ਅਲਾਈਵ ਆਰਟਿਸਟਸ" ਥੀਏਟਰ ਗਰੁੱਪ ਦੀ ਸਥਾਪਨਾ ਕਰਕੇ ਨਵੀਂ ਪੀੜ੍ਹੀ ਨੂੰ ਮੰਚ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ। ਇਹ ਉਨ੍ਹਾਂ ਦੀ ਕਲਾ ਪ੍ਰਤੀ ਨਿਸ਼ਠਾ ਦਾ ਸਬੂਤ ਹੈ ਕਿ ਉਹ ਸਿਰਫ਼ ਖੁਦ ਨਹੀਂ ਹੀ ਚਮਕੇ, ਸਗੋਂ ਹੋਰਾਂ ਨੂੰ ਵੀ ਚਮਕਣ ਦਾ ਮੌਕਾ ਦਿੱਤਾ।

ਉਨ੍ਹਾਂ ਦੀ ਕਲਾ ਦੀ ਕਦਰ ਕਰਦਿਆਂ ਉਨ੍ਹਾਂ ਨੂੰ ਸੰਗੀਤ ਨਾਟਕ ਅਕਾਡਮੀ ਅਵਾਰਡ, ਸਮਿਤਾ ਪਾਟਿਲ ਅਵਾਰਡ (1999), ਸ਼੍ਰੋਮਣੀ ਅਦਾਕਾਰਾ ਸਨਮਾਨ, ਪੀ.ਟੀ.ਸੀ. ਬੈਸਟ ਆਰਟਿਸਟ ਅਵਾਰਡ ਅਤੇ ਭਾਰਤ ਸਰਕਾਰ ਵੱਲੋਂ ਮਾਣਯੋਗ ਪਦਮ ਸ਼੍ਰੀ ਤੋਂ ਇਲਾਵਾ ਹੋਰ ਵੀ ਕਈ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਕੇਵਲ ਇਨਾਮ ਨਹੀਂ, ਸਗੋਂ ਉਨ੍ਹਾਂ ਦੀ ਅਡੋਲ ਮਿਹਨਤ ਅਤੇ ਕਲਾ-ਸਾਧਨਾ ਦੇ ਪ੍ਰਤੀਕ ਹਨ।

ਵਿਆਹ ਨਾ ਕਰਨ ਦਾ ਫ਼ੈਸਲਾ ਹੋਵੇ ਜਾਂ ਸਾਦਗੀ ਭਰੀ ਜ਼ਿੰਦਗੀ,ਉਨ੍ਹਾਂ ਨੇ ਹਰੇਕ ਚੋਣ ਆਪਣੇ ਮਨ ਨਾਲ ਕੀਤੀ। ਅਦਾਕਾਰੀ ਹੀ ਉਨ੍ਹਾਂ ਦੀ ਜ਼ਿੰਦਗੀ ਹੈ ਅਤੇ ਦਰਸ਼ਕ ਹੀ ਉਨ੍ਹਾਂ ਦਾ ਪਰਿਵਾਰ। ਅੱਜ 82 ਸਾਲ ਦੀ ਉਮਰ ਵਿੱਚ ਵੀ ਉਹ ਉਸੇ ਜੋਸ਼ ਨਾਲ ਮੰਚ 'ਤੇ ਖੜ੍ਹੇ ਹਨ। ਉਨ੍ਹਾਂ ਦੀ ਆਵਾਜ਼ ਵਿੱਚ ਅੱਜ ਵੀ ਉਹੀ ਗੂੰਜ, ਰੌਹਬ ਅਤੇ ਆਤਮਵਿਸ਼ਵਾਸ ਹੈ।

ਨਿਰਮਲ ਰਿਸ਼ੀ ਜੀ ਸਿਰਫ਼ ਇੱਕ ਅਦਾਕਾਰਾ ਹੀ ਨਹੀਂ,ਇੱਕ ਪ੍ਰੇਰਨਾ ਹਨ। ਉਹ ਸਾਬਤ ਕਰਦੇ ਹਨ ਕਿ ਜੇ ਸੁਪਨੇ ਸੱਚੇ ਹੋਣ, ਇਰਾਦੇ ਮਜ਼ਬੂਤ ਹੋਣ ਅਤੇ ਮਿਹਨਤ ਇਮਾਨਦਾਰ ਹੋਵੇ, ਤਾਂ ਟਿੱਬਿਆਂ ਵਾਲਾ ਪਿੰਡ ਵੀ ਦੁਨੀਆ ਦੇ ਨਕਸ਼ੇ 'ਤੇ ਚਮਕ ਸਕਦਾ ਹੈ।

ਬਲਦੇਵ ਸਿੰਘ ਬੇਦੀ
ਜਲੰਧਰ
9041925181

ਵੱਡੇ ਭੂਆ ਜੀ

ਅੱਸੀਆਂ ਵਰ੍ਹਿਆਂ ਤੋਂ ਟੱਪ ਚੁੱਕੀ ਭੂਆ ਹੁਣ ਪਿਛਲੇ ਦੋ ਕੁ ਮਹੀਨਿਆਂ ਤੋਂ ਥੱਕ ਕੇ ਮੰਜ਼ੇ ਤੇ ਬੈਠ ਗਈ ਹੈ। ਜਿਨ੍ਹਾਂ ਪੈਰਾਂ ਨਾਲ ਉਸਨੇ ਸਾਰੀ ਉਮਰ ਦੁਨੀਆ ਗਾਹੀ ਸੀ ਉਹੀ ਪੈਰ ਹੁਣ ਉਸਦਾ ਭਾਰ ਚੁੱਕਣ ਤੋਂ ਇਨਕਾਰੀ ਹੋ ਗਏ ਹਨ। ਭੂਆ ਹੁਣ ਦਿਨ ਵਿੱਚ ਕਈ ਵਾਰ ਬੇਸੁਰਤ ਜਿਹੀ ਹੋ ਕੇ ਆਪਣੇ ਉਨ੍ਹਾਂ ਸਕੇ ਸੰਬੰਧੀਆਂ ਨਾਲ ਗੱਲਾਂ ਕਰਦੀ ਰਹਿੰਦੀ ਹੈ ਜੋ ਇਸ ਜਹਾਨ ਨੂੰ ਮੁਦਤ ਪਹਿਲਾਂ ਅਲਵਿਦਾ ਕਹਿ ਗਏ ਹਨ। ਜਦੋਂ ਉਹ ਇਕੱਲੀ ਹੀ ਗੱਲਾਂ ਕਰ ਰਹੀ ਹੁੰਦੀ ਹੈ ਤਾਂ ਉਸ ਵੇਲੇ ਭੂਆ ਨੂੰ ਵੇਖ ਕੇ ਲੱਗਦਾ ਹੈ ਕਿ ਜਿਵੇਂ ਉਹ ਇਸ ਲੋਕ ਵਿੱਚ ਨਾ ਹੋ ਪਰਲੋਕ ਵਿੱਚ ਬੈਠੀ ਹੋਵੇ। ਜਦੋਂ ਉਹ ਪਰਲੋਕ ਸਿਧਾਰ ਗਏ ਲੋਕਾਂ ਨਾਲ ਗੱਲਾਂ ਕਰਦੀ ਹੈ ਤਾਂ ਉਹ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਪਛਾਣਨੋਂ ਹੀ ਹਟ ਜਾਂਦੀ ਹੈ ਤੇ ਉਸ ਲਈ ਸਾਰਾ ਪਰਿਵਾਰ ਹੀ ਅਜਨਬੀ ਬਣ ਜਾਂਦਾ ਹੈ।ਉਸਦੇ ਪੋਤੇ ਪੋਤੀਆਂ ਬਥੇਰਾ ਭੂਆ ਨੂੰ ਹਲੂਣ ਹਲੂਣ ਕੇ ਦੱਸਦੇ ਹਨ ਕਿ ਬੇਬੇ ਮੈਂ ਤੇਰਾ ਪੋਤਾ ਮੈਂ ਤੇਰੀ ਪੋਤੀ ਹਾਂ ਪਰ ਭੂਆ ਉਨ੍ਹਾਂ ਦੇ ਮੂੰਹ ਵੱਲ ਅਣਜਾਣ ਬਣ ਕੇ ਵੇਖਦੀ ਰਹਿੰਦੀ ਹੈ।ਪਰ ਫਿਰ ਕਿੰਨੇ ਚਿਰ ਬਾਅਦ ਉਹ ਆਪਣੇ ਆਪ ਹੀ ਇਸ ਮਾਤਲੋਕ ਵਿੱਚ ਵਾਪਸ ਮੁੜ ਆਉਂਦੀ ਹੈ। ਭੂਆ ਦੀ ਹਾਲਤ ਵੇਖ ਕੇ ਲੱਗਦਾ ਹੈ ਜਿਵੇਂ ਉਹ ਮਾਤਲੋਕ ਤੇ ਪਰਲੋਕ ਦੇ ਵਿਚਾਲੇ ਕਿਤੇ ਅਟਕੀ ਹੋਈ ਹੈ ਜਿੱਥੋਂ ਉਸਨੂੰ ਦੋਹਾਂ ਪਾਸਿਆਂ ਦੇ ਲੋਕ ਦਿਖਾਈ ਦੇ ਰਹੇ ਹਨ। ਸ਼ਾਇਦ ਇਸ ਕਰਕੇ ਹੀ ਉਹ ਦੋਹਾਂ ਪਾਸੇ ਗੱਲਾਂ ਕਰਦੀ ਰਹਿੰਦੀ ਹੈ। ਭੂਆ ਸਾਰੀ ਉਮਰ ਕਦੇ ਬੀਮਾਰ ਨਹੀਂ ਹੋਈ ਸੀ ਜੇਕਰ ਕਦੇ ਜ਼ਿੰਦਗੀ ਵਿੱਚ ਮਾੜਾ ਮੋਟਾ ਬੁਖਾਰ ਚੜ੍ਹਿਆ ਵੀ ਸੀ ਤਾਂ ਉਹ ਦਵਾਈ ਬੂਟੀ ਨਾਲ ਠੀਕ ਹੋ ਜਾਂਦਾ ਸੀ।ਪਰ ਹੁਣ ਪਿਛਲੇ ਦੋ ਮਹੀਨਿਆਂ ਤੋਂ ਉਹ ਹੌਲੀ ਹੌਲੀ ਥੱਕ ਕੇ ਮੰਜ਼ੇ ਤੇ ਬੈਠ ਗਈ ਸੀ। ਭੂਆ ਨੂੰ ਤਕਲੀਫ਼ ਤਾਂ ਹੁਣ ਵੀ ਕੋਈ ਖਾਸ ਨਹੀਂ ਸੀ ਬੱਸ ਵੱਡੀ ਉਮਰ ਹੋਣ ਕਰਕੇ ਕਮਜ਼ੋਰੀ ਜਿਹੀ ਆ ਗਈ ਸੀ।ਇਸ ਕਮਜ਼ੋਰੀ ਕਰਕੇ ਹੀ ਉਸਦੇ ਅੰਗ ਬੋਦੇ ਹੋ ਕੇ ਇੱਕ ਇੱਕ ਕਰਕੇ ਜਵਾਬ ਦਿੰਦੇ ਜਾ ਰਹੇ ਸਨ। ਰੋਟੀ ਤਾਂ ਉਸ ਦੇ ਗਲ਼ੇ ਵਿੱਚੋਂ ਕਿੰਨੇ ਦਿਨਾਂ ਦੀ ਲੰਘ ਹੀ ਨਹੀਂ ਰਹੀ ਸੀ ਜਿਸ ਕਰਕੇ ਉਸਨੂੰ ਖਿਚੜੀ,ਦਲੀਆ ਤੇ ਹੋਰ ਤਰਲ ਚੀਜ਼ਾਂ ਹੀ ਖਾਣ ਪੀਣ ਲਈ ਦਿੱਤੀਆਂ ਜਾ ਰਹੀਆਂ ਸਨ। ਖਿਚੜੀ, ਦਲੀਆ ਵੀ ਜੇਕਰ ਉਸਦਾ ਦਿਲ ਕਰਦਾ ਤਾਂ ਦਿਨ ਵਿੱਚ ਚਾਰ ਚਮਚ ਅੰਦਰ ਲੰਘਾ ਲੈਂਦੀ ਪਰ ਜੇ ਕਿਸੇ ਦਿਨ ਉਸਦਾ ਮਨ ਨਾ ਮੰਨਦਾ ਹੁੰਦਾ ਤਾਂ ਸਾਰਾ ਦਿਨ ਪਾਣੀ ਦੀਆਂ ਚਾਰ ਘੁੱਟਾਂ ਪੀ ਕੇ ਹੀ ਲੰਘਾ ਦਿੰਦੀ ਸੀ। ਭੂਆ ਦੀ ਐਨੀ ਉਮਰ ਹੋ ਗਈ ਸੀ ਅੱਜ ਤੱਕ ਉਸਦਾ ਕਦੇ ਹੱਥ ਪੈਰ ਕੁਝ ਨਹੀਂ ਦੁਖਿਆ ਸੀ।ਪਰ ਆਹ ਬੁਢਾਪੇ ਵਾਲੀ ਚੰਦਰੀ ਕਮਜ਼ੋਰੀ ਨੇ ਹੌਲੀ ਹੌਲੀ ਭੂਆ ਨੂੰ ਦੱਬ ਲਿਆ ਸੀ। ਭੂਆ ਦੀ ਉਮਰ ਭਾਵੇਂ ਅੱਸੀਆਂ ਵਰ੍ਹਿਆਂ ਤੋਂ ਉੱਪਰ ਹੋ ਗਈ ਸੀ ਪਰ ਜਦੋਂ ਕਹਿੰਦੇ ਹੱਥ ਪੈਰ ਵਧੀਆ ਚੱਲਦੇ ਹੋਣ ਤਾਂ ਸੌ ਸਾਲ ਦੀ ਉਮਰ ਵੀ ਬੰਦੇ ਨੂੰ ਘੱਟ ਲੱਗਦੀ ਹੈ।ਦੋ ਢਾਈ ਮਹੀਨੇ ਪਹਿਲਾਂ ਭੂਆ ਵੀ ਨੌਂ ਬਰ ਨੌਂ ਵਧੀਆ ਤੁਰੀ ਫਿਰਦੀ ਸੀ।ਪਰ ਅਚਾਨਕ ਬੀਮਾਰ ਹੋ ਕੇ ਮੰਜ਼ੇ ਨਾਲ ਜੁੜਨ ਕਰਕੇ ਹੁਣ ਹਰੇਕ ਨੂੰ ਭੂਆ ਦੀ ਉਮਰ ਵੱਡੀ ਲੱਗਣ ਲੱਗ ਪਈ ਸੀ।ਭੂਆ ਆਪਣੀ ਉਮਰ ਬਾਰੇ ਅਕਸਰ ਗੱਲਾਂ ਕਰਦਿਆਂ ਦੱਸਦੀ ਕਿ ਰੌਲ਼ੇ ਵਾਲੇ ਸਾਲ ਸਮੇਂ ਮੈਂ ਚਾਰ ਪੰਜ ਸਾਲਾਂ ਦੀ ਹੋਵਾਂਗੀ।ਮੇਰਾ ਜਨਮ ਦਿੜ੍ਹਬੇ ਦਾ ਹੈ ਤੇ ਉਸ ਸਮੇਂ ਮੇਰੇ ਬਾਪੂ ਜੀ ਅੰਗਰੇਜ਼ੀ ਸਰਕਾਰ ਦੀ ਪੁਲਿਸ ਵਿੱਚ ਸਿਪਾਹੀ ਦੀ ਨੌਕਰੀ ਕਰਦੇ ਸਨ ਜਦੋਂ ਮੇਰਾ ਜਨਮ ਹੋਇਆ ਸੀ ਤਾਂ ਉਸ ਸਮੇਂ ਮੇਰੇ ਬਾਪੂ ਜੀ ਦੀ ਡਿਊਟੀ ਦਿੜ੍ਹਬੇ ਠਾਣੇ ਵਿੱਚ ਹੁੰਦੀ ਸੀ।ਉੱਥੇ ਹੀ ਸਰਕਾਰੀ ਕੁਆਰਟਰ ਵਿੱਚ ਮੇਰਾ ਜਨਮ ਹੋਇਆ ਸੀ।ਜਿਨ੍ਹਾਂ ਸਮਿਆਂ ਵਿੱਚ ਭੂਆ ਦਾ ਜਨਮ ਹੋਇਆ ਸੀ ਉਦੋਂ ਕੁੜੀਆਂ ਨੂੰ ਸਕੂਲ ਭੇਜਣ ਦਾ ਤਾਂ ਰਿਵਾਜ ਹੀ ਨਹੀਂ ਸੀ।ਇਸ ਕਰਕੇ ਭੂਆ ਅੱਖਰੀ ਗਿਆਨ ਤੋਂ ਤਾਂ ਬਿਲਕੁੱਲ ਹੀ ਕੋਰੀ ਰਹਿ ਗਈ ਸੀ। ਭੂਆ ਆਪਣੀਆਂ ਭੈਣਾਂ ਵਿੱਚੋਂ ਸਭ ਤੋਂ ਵੱਡੇ ਹਨ ਤੇ ਉਹਨਾਂ ਤੋਂ ਛੋਟੀਆਂ ਤਿੰਨ ਭੈਣਾਂ ਹੋਰ ਹਨ।ਚਾਰ ਭੈਣਾਂ ਹੋਣ ਕਰਕੇ ਹੀ ਭੂਆ ਦਾ ਵਿਆਹ ਵੀ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਸੀ। ਭੂਆ ਦੱਸਦੀ ਹੁੰਦੀ ਸੀ ਕਿ ਉਸ ਦੀ ਬਰਾਤ ਊਠਾਂ ਤੇ ਆਈ ਸੀ ਤੇ ਉਹ ਰਾਤ ਰਹਿ ਕੇ ਦੂਜੇ ਦਿਨ ਵਿਆਹ ਕੇ ਲੈ ਕੇ ਗਏ ਸਨ।ਭੂਆ ਦਾ ਸਹੁਰਾ ਪਿੰਡ ਮੇਨ ਸੜਕ ਤੋਂ ਪੰਜ ਛੇ ਕੋਹ ਪਿੱਛੇ ਹਟਵਾਂ ਹਰਿਆਣਾ ਦੇ ਬਾਰਡਰ ਲਾਗੇ ਹੋਣ ਕਰਕੇ ਬੱਸ ਤਾਂ ਕੋਈ ਜਾਂਦੀ ਹੀ ਨਹੀਂ ਸੀ।ਇਸ ਕਰਕੇ ਕਿਤੇ ਆਉਣ ਜਾਣ ਵੇਲੇ ਪੰਜ ਛੇ ਕੋਹ ਤੁਰ ਕੇ ਬੱਸ ਚੜ੍ਹਨਾ ਪੈਂਦਾ ਸੀ। ਭੂਆ ਨੇ ਵਿਆਹ ਤੋਂ ਬਾਅਦ ਫੁੱਫੜ ਜੀ ਦੇ ਮੋਢੇ ਨਾਲ ਮੋਢਾ ਜੋੜ ਕੇ ਬੰਦਿਆਂ ਵਾਂਗ ਹੱਡ ਭੰਨਵਾਂ ਕੰਮ ਕੀਤਾ ਸੀ। ਉਨ੍ਹਾਂ ਆਪਣੇ ਢਿੱਡ ਨੂੰ ਗੰਢਾਂ ਦੇ ਕੇ ਹੀ ਆਪਣੇ ਪੁਰਖਿਆਂ ਦੀ ਜ਼ਮੀਨ ਜਾਇਦਾਦ ਨੂੰ ਦੁੱਗਣੀ ਕਰ ਦਿੱਤੀ ਸੀ। ਭੂਆ ਦੇ ਦੱਸਣ ਮੁਤਾਬਕ ਜਦੋਂ ਉਹ ਨਵੀਂ ਵਿਆਹੀ ਆਪਣੇ ਸਹੁਰੇ ਘਰ ਆਈ ਸੀ ਤਾਂ ਉਨ੍ਹਾਂ ਦੀ ਜ਼ਮੀਨ ਨਹਿਰ ਦੇ ਪਰਲੇ ਪਾਸੇ ਹੁੰਦੀ ਸੀ ਉਨ੍ਹਾਂ ਵੇਲਿਆਂ ਵਿੱਚ ਨਹਿਰ ਤੇ ਇੱਕੋ ਪੁਲ ਹੀ ਹੁੰਦਾ ਸੀ।ਜਿਸ ਕਰਕੇ ਖੇਤ ਰੋਟੀ ਲੈ ਕੇ ਜਾਣ ਲਈ ਦੋ ਤਿੰਨ ਕੋਹ ਦਾ ਵਲ ਪਾ ਕੇ ਪੁਲ ਉੱਪਰ ਦੀ ਜਾਣਾ ਪੈਂਦਾ ਸੀ।ਉਹ ਪਹਿਲਾਂ ਸਵੇਰੇ ਜਲਦੀ ਉੱਠ ਕੇ ਘਰ ਦਾ ਸਾਰਾ ਕੰਮ ਨਿਬੇੜਦੀ ਤੇ ਫਿਰ ਫੁੱਫੜ ਹੁਰਾਂ ਵਾਸਤੇ ਰੋਟੀ ਲੈ ਕੇ ਜਾਂਦੀ।ਉਸ ਤੋਂ ਬਾਅਦ ਘਰ ਮੁੜ ਕੇ ਮਾਲ ਪਸ਼ੂ ਨੂੰ ਸੰਭਾਲਦੀ। ਭੂਆ ਨੇ ਪਤਾ ਹੀ ਨਹੀਂ ਕਿੰਨੀਆਂ ਹਾੜੀਆਂ ਸਾਉਣੀਆਂ ਬਿਰਧ ਹੋ ਗਈ ਸੀ ਪਰ ਉਹ ਹੁਣ ਵੀ ਸਿਆਲਾਂ ਵਿੱਚ ਜਦ ਸਾਡੇ ਕੋਲ ਆਉਂਦੀ ਤਾਂ ਕਦੇ ਵੀ ਘਰ ਆ ਕੇ ਵਿਹਲੀ ਨਹੀਂ ਬੈਠਦੀ ਸੀ।ਉਹ ਰਾਤ ਨੂੰ ਮੇਰੀ ਮਾਂ ਨਾਲ ਬੈਠੀ ਗੱਲਾਂ ਕਰਦੀ ਹਫ਼ਤੇ ਦਸ ਦਿਨਾਂ ਵਿੱਚ ਸਾਡੇ ਨਰਮੇ ਦੇ ਸਾਰੇ ਟੀਂਡੇ ਕੱਢ ਜਾਂਦੀ ਸੀ। ਭੂਆ ਹਰ ਸਾਲ ਜਿੰਨੇ ਦਿਨ ਵੀ ਸਾਡੇ ਕੋਲ ਰਹਿੰਦੀ ਉਹ ਆਂਢ ਗੁਆਂਢ ਸਮੇਤ ਪਿੰਡ ਦੇ ਕਿੰਨੇ ਹੀ ਘਰਾਂ ਵਿੱਚ ਜਾ ਕੇ ਉਨ੍ਹਾਂ ਦੀ ਖ਼ੈਰ ਸੁੱਖ ਪੁੱਛ ਆਉਂਦੀ ਸੀ।ਇਹ ਉਸਦਾ ਉਸਦਾ ਪੱਕਾ ਪਰਨ ਸੀ ਤੇ ਇਹੀ ਗੁਣ ਉਸਨੂੰ ਆਪਣੀਆਂ ਭੈਣਾਂ ਨਾਲੋਂ ਵੱਖਰਾ ਕਰਦਾ ਸੀ। ਭੂਆ ਨੂੰ ਮੈਂ ਆਪਣੀ ਸੁਰਤ ਸੰਭਾਲਣ ਤੋਂ ਵੇਖਦਾ ਆ ਰਿਹਾ ਹਾਂ ਉਹ ਹਮੇਸ਼ਾ ਨਵੇਂ ਰਿਸ਼ਤੇ ਗੰਢਣ ਵਿੱਚ ਯਕੀਨ ਰੱਖਦੀ ਹੈ।ਉਹ ਕਿਸੇ ਵੀ ਖੁਸ਼ੀ ਗ਼ਮੀ ਦੇ ਮੌਕਿਆਂ ਤੇ ਕਿਤੇ ਵੀ ਗਈ ਉੱਥੇ ਅਣਜਾਣ ਬੁੜੀਆਂ ਨਾਲ ਰਿਸ਼ਤੇਦਾਰੀਆਂ ਕੱਢਦੀ ਰਹਿੰਦੀ।ਉਹ ਕਈ ਵਾਰ ਬੱਸ ਅੱਡੇ ਤੇ ਬੱਸ ਦੀ ਉਡੀਕ ਵਿੱਚ ਹੀ ਬੁੜੀਆਂ ਨਾਲ ਅਗਾਂਹ ਦੀ ਅਗਾਂਹ ਕੋਈ ਨਾ ਕੋਈ ਰਿਸ਼ਤੇਦਾਰੀ ਕੱਢ ਲੈਂਦੀ ਸੀ। ਮੇਰੇ ਯਾਦ ਹੈ ਪੰਦਰਾਂ ਕੁ ਸਾਲ ਪਹਿਲਾਂ ਮੇਰਾ ਐਕਸੀਡੈਂਟ ਹੋ ਗਿਆ ਸੀ ਤਾਂ ਹਫ਼ਤਾ ਕੁ ਮੈਨੂੰ ਹਸਪਤਾਲ ਵਿੱਚ ਦਾਖਲ ਰਹਿਣਾ ਪਿਆ ਸੀ। ਭੂਆ ਪੂਰਾ ਹਫ਼ਤਾ ਦਿਨ ਰਾਤ ਹਸਪਤਾਲ ਵਿੱਚ ਮੇਰੇ ਸਿਰਹਾਣੇ ਬੈਠੀ ਰਹੀ ਸੀ।ਉਸ ਸਮੇਂ ਦੌਰਾਨ ਉਸਨੇ ਹਸਪਤਾਲ ਵਿੱਚ ਮੇਰੀ ਦੇਖਭਾਲ ਕਰਦਿਆਂ ਮੇਰੇ ਨੇੜਲੇ ਕਿੰਨੇ ਹੀ ਮਰੀਜ਼ਾਂ ਤੇ ਉਨ੍ਹਾਂ ਦੇ ਸਕੇ ਸੰਬੰਧੀਆਂ ਨਾਲ ਰਿਸ਼ਤੇਦਾਰੀਆਂ ਕੱਢ ਲਈਆਂ ਸਨ। ਹਫ਼ਤੇ ਕੁ ਮਗਰੋਂ ਜਦ ਅਸੀਂ ਹਸਪਤਾਲੋ ਛੁੱਟੀ ਲੈ ਕੇ ਤੁਰਨ ਲੱਗੇ ਤਾਂ ਉੱਥੇ ਮੌਜੂਦ ਸਾਰੇ ਬੰਦੇ ਬੁੜੀਆਂ ਭੂਆ ਨੂੰ ਇੰਝ ਮਿਲ ਰਹੇ ਸਨ ਜਿਵੇਂ ਉਹ ਆਪਣੇ ਪਰਿਵਾਰ ਨੂੰ ਹੀ ਛੱਡ ਕੇ ਜਾ ਰਹੀ ਹੋਵੇ। ਭੂਆ ਕੋਲ ਬੇਗਾਨਿਆਂ ਨੂੰ ਆਪਣੇ ਬਣਾਉਣ ਦੀ ਜਮਾਂਦਰੂ ਕਲਾ ਹੈ। ਭੂਆ ਦੇ ਬੀਮਾਰ ਹੋ ਕੇ ਮੰਜ਼ੇ ਤੇ ਬੈਠਣ ਤੋਂ ਬਾਅਦ ਮੈਂ ਜਦੋਂ ਪਿਛਲੇ ਹਫ਼ਤੇ ਉਸਦਾ ਪਤਾ ਲੈਣ ਗਿਆ ਤਾਂ ਮੈਂ ਵੇਖਿਆ ਕਦੇ ਵੀ ਇੱਕ ਪਲ਼ ਲਈ ਵੀ ਵਿਹਲੀ ਨਾ ਰਹਿਣ ਵਾਲੀ ਭੂਆ ਮੰਜ਼ੇ ਤੇ ਅੱਖਾਂ ਮੀਟੀ ਨਿਢਾਲ ਪਈ ਸੀ। ਮੈਂ ਉਸਦੇ ਕੋਲ ਜਦੋਂ ਸਿਰਹਾਣੇ ਬੈਠ ਕੇ ਉਸ ਦਾ ਹੱਥ ਫੜ ਕੇ ਪੁੱਛਿਆ ਕਿ ਮੈਂ ਕੌਣ ਹਾਂ,ਮੈਨੂੰ ਸਿਆਣ ਲਿਆ ਹੈ ਕਿ ਨਹੀਂ? ਉਸਨੇ ਮੇਰਾ ਨਾਂ ਲੈ ਕੇ ਹਾਂ ਕਹਿ ਕੇ ਮੇਰਾ ਸਿਰ ਪਲੋਸਦਿਆਂ ਕਿਹਾ,"ਆਹੋ ਪੁੱਤ ਤੈਨੂੰ ਤਾਂ ਸਿਆਣ ਲਿਆ ਹੈ ਪਰ ਆਹ ਘਰ ਨੀ ਮੇਰੇ ਸਿਆਣ ਵਿੱਚ ਆਉਂਦਾ ਹੈ। ਪੁੱਤ ਇਹ ਘਰ ਕਿਸਦਾ ਹੈ?ਜਦ ਭੂਆ ਨੇ ਆਪਣੇ ਘਰ ਬਾਰੇ ਇਸ ਤਰ੍ਹਾਂ ਕਿਹਾ ਤਾਂ ਮੈਂ ਹੈਰਾਨ ਰਹਿ ਗਿਆ।ਜਿਸ ਘਰ ਵਿੱਚ ਭੂਆ ਨੇ ਵਿਆਹ ਤੋਂ ਬਾਅਦ ਹੁਣ ਤੱਕ ਆਪਣੀ ਸਾਰੀ ਉਮਰ ਗੁਜ਼ਾਰੀ ਸੀ ਉਹੀ ਘਰ ਹੁਣ ਭੂਆ ਵਾਸਤੇ ਬੇਸਿਆਣ ਹੋ ਗਿਆ ਸੀ।ਉਸ ਤੋਂ ਮੈਂ ਉਸ ਨੂੰ ਪੁੱਛਿਆ ਕਿ ਭੂਆ ਤੇਰਾ ਕੀ ਦੁਖਦਾ ਹੈ ਤਾਂ ਉਸ ਨੇ ਕਿਹਾ,'ਵੇ ਪੁੱਤ ਮੇਰਾ ਦੁੱਖਦਾ ਕੁਝ ਨਹੀਂ ਬੱਸ ਸਰੀਰ 'ਚ ਸਾਹ ਸਤ ਜਿਹਾ ਹੀ ਨਹੀਂ ਰਿਹਾ ਹੈ। ਮੇਰੇ ਉੱਥੇ ਬੈਠਿਆਂ ਹੀ ਜਦ ਭੂਆ ਨੂੰ ਚਮਚੇ ਨਾਲ ਚਾਹ ਪਿਆਈ ਤਾਂ ਮੇਰਾ ਦਿਲ ਕੀਤਾ ਮੈਂ ਭੁੱਬਾਂ ਮਾਰ ਕੇ ਰੋਵਾਂ ਪਰ ਭੂਆ ਕੋਲ ਪਰਿਵਾਰ ਦੇ ਕਈ ਹੋਰ ਜਣੇ ਬੈਠੇ ਹੋਣ ਕਰਕੇ ਮੈਂ ਮਸਾਂ ਆਪਣੇ ਅੱਖਾਂ ਵਿਚਲੇ ਪਾਣੀ ਨੂੰ ਬਾਹਰ ਨਿਕਲਣ ਤੋਂ ਰੋਕਿਆ। ਫਿਰ ਮੈਂ ਤੁਰਨ ਤੋਂ ਪਹਿਲਾਂ ਭੂਆ ਨੂੰ ਜਲਦੀ ਤੰਦਰੁਸਤ ਹੋਣ ਦਾ ਹੌਂਸਲਾ ਦਿੰਦਿਆਂ ਕਿਹਾ, ਕੋਈ ਨਾ ਭੂਆ ਫ਼ਿਕਰ ਨਾ ਕਰ ਤੂੰ ਜਲਦੀ ਹੀ ਠੀਕ ਹੋ ਜਾਵੇਗੀ ਫਿਰ ਮੈਂ ਤੈਨੂੰ ਆਪਣੇ ਪਿੰਡ ਲੈ ਕੇ ਜਾਵਾਂਗਾ। ਮੇਰੀ ਗੱਲ ਸੁਣ ਕੇ ਭੂਆ ਨੇ ਮੰਜ਼ੇ ਤੇ ਪਿਆਂ ਹੀ ਮੱਧਮ ਜਿਹੀ ਆਵਾਜ਼ ਵਿੱਚ ਹਾਂ ਕਹਿੰਦਿਆਂ ਮੇਰਾ ਸਿਰ ਪਲੋਸਿਆ। ਮੈਂ ਭੂਆ ਦੀਆਂ ਅੱਖਾਂ ਵਿੱਚ ਦੇਖਿਆ ਉਹ ਕੁਝ ਕਹਿਣਾ ਤਾਂ ਚਾਹੁੰਦੀ ਸੀ ਪਰ ਉਸ ਦੀ ਜ਼ੁਬਾਨ ਪੂਰੀ ਤਰ੍ਹਾਂ ਸਾਥ ਨਾ ਦੇਣ ਕਰਕੇ ਉਸਨੇ ਸਿਰਫ਼ ਹਾਂ ਹੀ ਆਖਿਆ। ਭੂਆ ਕੋਲੋਂ ਮੈਂ ਵਾਪਸ ਪਿੰਡ ਮੁੜਦਿਆਂ ਰੱਬ ਅੱਗੇ ਅਰਦਾਸ ਕੀਤੀ ਕਿ ਰੱਬਾ ਕਿਰਤ ਦੀ ਮੂਰਤ ਤੇ ਰਿਸ਼ਤੇ ਗੰਢਣ ਵਾਲੀ ਮੇਰੀ ਭੂਆ ਨੂੰ ਇਸ ਤਰ੍ਹਾਂ ਬੇਸੁਰਤ ਕਰਕੇ ਮਾਤਲੋਕ ਤੇ ਪਰਲੋਕ ਵਿਚਾਲੇ ਨਾ ਲਟਕਾ ਜਾਂ ਤਾਂ ਰੱਬਾ ਉਸਨੂੰ ਛੇਤੀ ਤੁਰਨ ਫਿਰਨ ਜੋਗੀ ਕਰਦੇ ਨਹੀਂ ਫਿਰ ਆਪਣੇ ਕੋਲ ਬੁਲਾ ਕੇ ਆਪਣੇ ਚਰਨੀਂ ਲਾ ਲੈ ਰੱਬਾ।

ਮਨਜੀਤ ਮਾਨ
ਪਿੰਡ ਸਾਹਨੇਵਾਲੀ (ਮਾਨਸਾ)
ਮੋਬਾਈਲ 7009898044

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com